

www.punjabilibrary.com

# ਹਰਫ਼ਾਂ ਦੀ ਮਹਿਫ਼ਲ

ਗੁਰਪ੍ਰੀਤ ਗੁਰੀ

# ਹਰਫ਼ਾਂ ਦੀ ਮਜਲਿਸ

## ਗੁਰਪ੍ਰੀਤ ਗੁਰੀ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਹਰਫ਼ਾਂ ਦੀ ਮਜਲਿਸ

( ਕਾਵਿ ਸੰਗ੍ਰਹਿ )

ਗੁਰਪ੍ਰੀਤ ਗੁਰੀ

Instagram: gurigurpreet498

Snapchat : gurpreeetguri498

Mobile No. +91 9779670711

E-mail : guri04884@gmail.com

Published on : 10 October 2024

www.punjabilibrary.com

©Gurpreet Guri

DIGITAL KALMAN WALE PUBLICATION

ਰਸ਼ਕ ਹੋ ਜਾਵੇ ਜਿਸਨੂੰ ਪੜ੍ਹ ਕੇ, ਐਸੀ ਕੋਈ ਦਿਖੀ ਨਹੀਂ ਹੈ
ਸਭ ਤੋਂ ਉੱਤਮ ਨਜ਼ਮ ਮੈਂ ਆਪਣੀ, ਹਾਲੇ ਤੀਕਰ ਲਿਖੀ ਨਹੀਂ ਹੈ

ਗੁਰਪ੍ਰੀਤ ਗੁਰੀ

# ਭੂਮਿਕਾ

ਕਵਿਤਾਵਾਂ ਵਰਗੀਆਂ ਗੱਲਾਂ ਕਰਨ ਵਾਲਾ - ਗੁਰਪ੍ਰੀਤ ਗੁਰੀ

ਜ਼ਰੂਰੀ ਨਹੀਂ ਹੁੰਦਾ ਕਿ ਸਾਰੇ ਰਿਸ਼ਤੇ ਖ਼ੂਨ ਦੇ ਹੀ ਹੁੰਦੇ ਆ, ਕੁਝ ਦੁਨਿਆਵੀ ਰਿਸ਼ਤੇ ਵੀ ਖ਼ੂਨ 'ਚ ਰਚੇ ਹੁੰਦੇ ਆ | ਏਦਾਂ ਹੀ ਖ਼ੂਨ ਚ ਰਚਿਆ ਇੱਕ ਰਿਸ਼ਤਾ ਮੇਰਾ, ਮੇਰੇ ਛੋਟੇ ਵੀਰ ਗੁਰਪ੍ਰੀਤ ਗੁਰੀ ਨਾਲ |ਅੱਖਰਾਂ ਤੋਂ ਗੱਲਾਂ ਕਰਵਾਉਣ ਵਾਲੇ ਗੁਰਪ੍ਰੀਤ ਗੁਰੀ ਦੀਆਂ ਕਵਿਤਾਵਾਂ ਤਾਂ ਬਾ ਕਮਾਲ ਹਨ ਹੀ ਸਗੋਂ ਉਹਨਾਂ ਦੇ ਨਾਵਲ "ਚੰਨ ਦੇ ਵਰਗੀ ਇੱਕ ਕੁੜੀ" ਤੇ "ਮੈਂ ਨਸ਼ਾ ਇਸ਼ਕ ਤੇ ਉਹ" ਨੇ ਵੀ ਸਰੋਤਿਆਂ ਦੇ ਦਿਲਾਂ ਤੇ ਵੱਖਰੀ ਛਾਪ ਛੱਡੀ ਹੈ|

"ਆਉਂਦੇ ਜਾਂਦੇ ਖਿਆਲ", "ਤੇਰੇ ਵਾਸਤੇ" ਤੇ "ਕਵਿਤਾਵਾਂ ਵਰਗੀਆਂ ਗੱਲਾਂ" ਵਰਗੇ ਕਾਵਿ ਸੰਗ੍ਰਹਿ ਲਿਖਣ ਵਾਲਾ ਗੁਰਪ੍ਰੀਤ ਗੁਰੀ ਦੁਆਬੇ ਦਾ ਉੱਭਰਦਾ ਕਵੀ ਏ |

ਹੱਥਲੀ ਪੁਸਤਕ "ਹਰਫ਼ਾਂ ਦੀ ਮਜਲਿਸ" ਮਤਲਬ "ਅੱਖਰਾਂ ਦੀ ਮਹਿਫ਼ਿਲ " ਕਾਵਿ ਸੰਗ੍ਰਹਿ ਦਾ ਨਾਂ ਹੀ ਬੜਾ ਕਮਾਲ ਦਾ ਰੱਖਿਆ ਗਿਆ |
ਇਹ ਪੁਸਤਕ ਵੀ ਪੜ੍ਹਨ ਵਾਲਿਆਂ ਦੇ ਦਿਲਾਂ ਤੇ ਵੱਖਰੀ ਛਾਪ ਛੱਡੇਗੀ |
ਹੁਣ ਗੱਲ ਕਰਦੇ ਆਂ ਇਸ ਹੱਥਲੀ ਪੁਸਤਕ ਦੀ,,,
ਪੁਸਤਕ ਰਚੇਤਾ ਨੇ ਇਸ ਪੁਸਤਕ ਨੂੰ ਬੜੇ ਸਲੀਕੇ ਨਾਲ ਸਿਰਜਿਆ ਤੇ ਅਲੱਗ ਅਲੱਗ ਚਾਰ ਭਾਗਾਂ ਚ ਵੰਡਿਆ ਹੋਇਆ ਹੈ |

**"ਪਹਿਲਾ ਭਾਗ ਸਿਫ਼ਤ"**

ਮਹਿਬੂਬ ਦੀਆਂ ਸਿਫ਼ਤਾਂ ਕਰਨ ਲਈ ਵਰਤੀ ਸਾਦ ਮੁਰਾਦੀ ਤੇ ਆਮ ਲੋਕਾਂ ਦੇ ਸਮਝ

ਆਉਣ ਵਾਲੀ ਸ਼ਬਦਵਾਲੀ ਪੜ੍ਹਨ ਵਾਲਿਆਂ ਦਿਆਂ ਦਿਲਾਂ ਚ ਵੱਖਰੀ ਤਰੰਗ ਛੇੜ ਦਿੰਦੀ ਆ ।

ਪਿੰਡ ਦੇ ਖੂਹ ਦੇ ਪਾਣੀ ਤੋਂ ਲੈ ਕੇ ਸੁਮੰਦਰ ਦੀਆਂ ਲਹਿਰਾਂ ਨਾਲ ਜੋੜ ਕੇ ਮਹਿਬੂਬ ਦੀ ਸਿਫ਼ਤ ਕਰਨੀ ਸੱਚ ਮੁੱਚ ਹੀ ਕਾਬਿਲ-ਏ-ਤਾਰੀਫ਼ ਆ ।

ਕਵਿਤਾਵਾਂ ਲਈ ਕੀਤੀ ਗਈ ਸ਼ਬਦਾਂ ਦੀ ਚੋਣ ਸਾਨੂੰ ਕਦੇ ਪਿੰਡ ਦੇ ਖੇਤਾਂ ਚ ਲੈ ਜਾਂਦੀ ਹੈ

**ਕਣਕ ਬੰਨੇ ਜਰੇ ਰੰਗ ਵਾਲੀ**
**ਕਣਕ ਨੂੰ ਹੱਥ ਛੁਹਾ ਕੇ ਲੰਘੀ**

ਕਦੇ ਖੂਹ ਤੋਂ ਸੁਮੰਦਰ ਤੱਕ

**ਖੂਹ ਦੇ ਠੰਡੇ ਸ਼ੀਤਲ ਜਲ ਤੋਂ**
**ਸੱਤ ਸਾਗਰ ਦੀਆਂ ਲਹਿਰਾਂ ਤੱਕ**

ਦੂਜਾ ਭਾਗ ਬਿਰਹੋਂ ਦਾ ਦਰਦ ਬਿਆਨ ਕਰਦਾ ਹੈ,, ਇੱਕ ਦੱਬੀ ਪੀੜ ਦਾ ਅਹਿਸਾਸ ਕਰਵਾਉਂਦਾ ਹੈ

**ਕੰਡਿਆਂ ਤੱਕ ਮੈਂ ਰਹਿ ਗਿਆ ਸੀਮਤ**
**ਸੂਹਾ ਲਾਲ ਗੁਲਾਬ ਨਹੀਂ ਮਿਲਿਆ**
**ਸੁਪਨਿਆਂ ਵਿੱਚ ਵੀ ਪੀੜ੍ਹ ਹੀ ਸਾਥਣ**
**ਮੈਨੂੰ ਚੱਜ ਦਾ ਖ਼ਵਾਬ ਨਹੀਂ ਮਿਲਿਆ**

ਇੱਕ ਖੁਸ਼ੀ ਦੇ ਸ਼ਗਨ ਨੂੰ ਬਿਰਹੋਂ ਵਾਲੇ ਰੰਗ ਚ ਰੰਗ ਕੇ ਪੇਸ਼ ਕਰਨਾ ਤਾਂ ਬਿਲਕੁਲ ਹੀ ਵੱਖਰਾ ਅੰਦਾਜ਼ ਹੈ।

**ਅੱਖ ਵਿੱਚ ਹਿਜ਼ਰ ਦਾ ਕੱਜਲ ਪਾ ਦੇ**
**ਮੱਥੇ ਪੀੜ ਦੀ ਬਿੰਦੀ ਲਾ ਦੇ**
**ਪੈਰੀਂ ਪਾ ਦੁੱਖਾਂ ਦੀ ਝਾਂਜਰ**
**ਚੁੰਨੀ ਹੰਝੂਆਂ ਨਾਲ ਸਜਾ ਦੇ**

ਤੀਜੇ ਭਾਗ ਚ ਦਰਜ ਨੇ ਖੁੱਲ੍ਹੀਆਂ ਕਵਿਤਾਵਾਂ,, ਉਹਨਾਂ ਵਿੱਚ ਕੀਤਾ ਮੁਹੱਬਤ ਦਾ ਜ਼ਿਕਰ ਕਿਸੇ ਲਿਖਣ ਵਾਲੀ ਕੁੜੀ ਦੀ ਤਾਰੀਫ਼ ਤੇ ਕਿਤੇ ਉਪਜਿਆ ਵਿਛੜਨ ਦਾ ਡਰ ਤੇ ਕਿਰਦਾਰਾਂ ਦਾ ਆਪਸੀ ਵਾਰਤਾਲਾਪ ਏਦਾਂ ਸਿਰਜਿਆ ਜਿਵੇਂ ਅਸੀਂ ਉਹਨਾਂ ਨੂੰ ਗੱਲਾਂ ਕਰਦਿਆਂ ਨੂੰ ਸੁਣ ਰਹੇ ਹੋਈਏ ।

ਚੌਥੇ ਭਾਗ ਚ ਲੇਖਕ ਨੇ ਸ਼ਾਮਿਲ ਕੀਤੀਆਂ ਨੇ ਤੁਕਬੰਦੀਆਂ ਜਿਸ ਵਿੱਚ ਹਰ ਇੱਕ ਰੰਗ ਸਮਾਇਆ ਹੋਇਆ ਹੈ। ਪਿਆਰ ਵੀ ਨਜ਼ਰ ਆਉਂਦਾ,,ਪੀੜ ਵੀ ਨਜ਼ਰ ਆਉਂਦੀ ਆ,, ਕਿਤੇ ਸਾਨੂੰ ਆਪਸੀ ਨੋਕ ਝੋਕ ਵੀ ਨਜ਼ਰ ਆਉਂਦੀ ਏ..ਜਿਵੇਂ

**ਮੈਨੂੰ ਅੱਕ ਜਿਹਾ ਦੱਸ ਰਹੀ ਐ, ਤੂੰ ਵੀ ਕੋਈ ਖੰਡ ਨਹੀਂ ਸੀ**
**ਜੇ ਮੈਂ ਨਹੀਂ ਤਾਰਿਆਂ ਵਰਗਾ, ਤੂੰ ਵੀ ਕੋਈ ਚੰਦ ਨਹੀਂ ਸੀ**

ਇਸ ਪੁਸਤਕ ਲਈ ਗੁਰਪ੍ਰੀਤ ਗੁਰੀ ਵਧਾਈ ਦੇ ਪਾਤਰ ਨੇ ਬਾਕੀ ਫ਼ੈਸਲਾ ਤੁਸੀਂ ਪੜ੍ਹਨ ਵਾਲੇ ਪਾਠਕ ਕਰੋਂਗੇ, ਜਿਉਂਦੇ ਵੱਸਦੇ ਰਹੋ ਮਾਲਕ ਤੰਦਰੁਸਤੀਆਂ ਬਖ਼ਸ਼ੇ ।

**ਬੇਅੰਤ ਬਰੀਵਾਲਾ**

❁❁❁❁❁❁

# ਸਿਫ਼ਤ

ਤੇਰੇ ਵਰਗਾ ਹੋਰ ਨਹੀਂ ਕੋਈ, ਮੰਨ ਗਈ ਏ ਕਾਇਨਾਤ ਸਾਰੀ

ਤੇਰੇ ਬਾਰੇ ਲਿਖ਼ਦੇ ਲਿਖ਼ਦੇ , ਲੰਘ ਜਾਂਦੀ ਏ ਰਾਤ ਸਾਰੀ

ਖ਼ਵਾਬਾਂ ਦੇ ਵਿੱਚ ਵੀ ਹੁਣ ਸੱਜਣਾ, ਬਸ ਤੂੰ ਹੀ ਤੂੰ ਦਿਖਦਾ ਆ

ਪੈਂਤੀ ਅੱਖਰ ਜੋੜ ਜੋੜ ਮੈਂ, ਤੇਰੀਆਂ ਸਿਫ਼ਤਾਂ ਲਿਖਦਾ ਆ

# ਮੇਰਾ ਰੁਤਬਾ

ਦਰਿਆਵਾਂ ਤੋਂ ਨਹਿਰਾਂ ਤੱਕ
ਪਿੰਡ ਕਸਬੇ ਤੋਂ ਸ਼ਹਿਰਾਂ ਤੱਕ

ਦਿਨ ਦੀ ਪਹਿਲੀ ਕਿਰਨ ਤੋਂ ਲੈਕੇ
ਸਾਰੇ ਅੱਠੇ ਪਹਿਰਾਂ ਤੱਕ

ਪੋਹ ਦੀ ਠੰਡੀ ਰਾਤ ਤੋਂ ਲੈਕੇ
ਹਾੜ ਦੇ ਸਿਖ਼ਰ ਦੁਪਹਿਰਾਂ ਤੱਕ

ਖੂਹ ਦੇ ਠੰਡੇ ਸ਼ੀਤਲ ਜਲ ਤੋਂ
ਸੱਤ ਸਾਗਰ ਦੀਆਂ ਲਹਿਰਾਂ ਤੱਕ

ਕਹਿੰਦੀ ਕੌਣ ਅਜ਼ੀਜ਼ ਹੈ ਤੇਰਾ
ਆਪਣਿਆਂ ਤੋਂ ਗ਼ੈਰਾਂ ਤੱਕ

ਪੁੱਛਦੀ ਸੀ ਉਹ ਮੇਰਾ ਰੁਤਬਾ
ਮੈਂ ਕਿਹਾ ਤੇਰੇ ਪੈਰਾਂ ਤੱਕ

# ਅੱਖਰ

ਕਵਿਤਾ ਦਾ ਆਧਾਰ ਨੇ ਅੱਖਰ
ਸੱਚ ਮੁੱਚ ਨਿਰਾ ਪਿਆਰ ਨੇ ਅੱਖਰ

ਉਹਦੀ ਸਿਫ਼ਤ ਲਿਖਣ ਲਈ ਯਾਰੋ
ਰਹਿੰਦੇ ਹਰ ਪਲ ਤਿਆਰ ਨੇ ਅੱਖਰ

ਖਿਆਲਾਂ ਨੂੰ ਤਸਵੀਰ ਬਣਾ ਕੇ
ਕਰਦੇ ਸੋਚ ਸਾਕਾਰ ਨੇ ਅੱਖਰ

ਰੂਹ ਵਿੱਚ ਵਸੀ ਉਹਦੀ ਮੂਰਤ ਦਾ
ਲੈ ਲੈਂਦੇ ਆਕਾਰ ਨੇ ਅੱਖਰ

ਕੁਦਰਤ ਵਰਗੀ ਓਸ ਕੁੜੀ ਲਈ
ਲਿਖਦੇ ਬਸ ਸਤਿਕਾਰ ਨੇ ਅੱਖਰ

ਨਜ਼ਮਾਂ ਦੇ ਵਿੱਚ ਭਰੀ ਮੁਹੱਬਤ
ਦਾ ਕਰਦੇ ਪ੍ਰਚਾਰ ਨੇ ਅੱਖਰ

ਅੱਠੋਂ ਪਹਿਰ ਜੋ ਯਾਦ ਰਹਿੰਦੀ ਹੈ
ਨਾਂ ਉਹਦੇ ਵਿੱਚ ਚਾਰ ਨੇ ਅੱਖਰ

# ਤੇਰੇ ਲਈ

ਤੇਰੀ ਸਾਦੀ ਸ਼ਖ਼ਸ਼ੀਅਤ ਦਾ
ਮੇਰੇ ਤੇ ਪ੍ਰਭਾਵ ਪਿਆ ਹੈ

ਛੱਲਾ ਦੇਣ ਦੀ ਕੋਸ਼ਿਸ਼ ਤਾਂ ਕਰ
ਤੇਰੇ ਲਈ ਗੁਲਾਬ ਪਿਆ ਹੈ

ਗੇੜੇ ਕਿੰਨੇ ਮਾਰ ਚੁੱਕਾ ਤੂੰ
ਪੂਰਾ ਹਿਸਾਬ ਕਿਤਾਬ ਪਿਆ ਹੈ

ਰਾਜ਼ੀ ਏ ਜੇ ਘੁੰਮਣ ਦੇ ਲਈ
ਸਾਰਾ ਹੀ ਪੰਜਾਬ ਪਿਆ ਹੈ

ਜੇ ਰੱਖੇਂਗਾ ਰਾਣੀਆਂ ਵਾਂਗਰ
ਤੇਰੇ ਲਈ ਵੀ ਤਾਜ ਪਿਆ ਹੈ

ਕਰਕੇ ਤਾਂ ਇਜ਼ਹਾਰ ਵੇਖ ਲੈ
ਹਾਂ ਦੇ ਵਿੱਚ ਜਵਾਬ ਪਿਆ ਹੈ

# ਜਰੂਰਤ

ਮੈਨੂੰ ਲਿਖਣੇ ਦੇ ਲਈ ਕਰੇ ਪ੍ਰੇਰਿਤ ਜੋ
ਤੇਰੀ ਏਸ ਨਿਗਾਹ ਦੀ ਬਹੁਤ ਜਰੂਰਤ ਹੈ

ਇੱਕ ਜਰੂਰਤ ਮੈਨੂੰ ਪੈਂਨ ਤੇ ਪੇਪਰ ਦੀ
ਤੇ ਇੱਕ ਸ਼ਾਂਤ ਜਗ੍ਹਾ ਦੀ ਬਹੁਤ ਜਰੂਰਤ ਹੈ

ਹਾਲੇ ਦੁਨੀਆਦਾਰੀ ਦੇ ਵਿੱਚ ਕੱਚਾ ਹਾਂ
ਚੰਗੀ ਕਿਸੇ ਸਲਾਹ ਦੀ ਬਹੁਤ ਜਰੂਰਤ ਹੈ

ਇਸ਼ਕ ਝਨਾਂ ਵਿੱਚ ਡੁੱਬਕੇ ਨਾ ਕਿਤੇ ਮਰ ਜਾਵਾਂ
ਤੇਰੇ ਜਿਹੇ ਮਲਾਹ ਦੀ ਬਹੁਤ ਜਰੂਰਤ ਹੈ

ਸ਼ਹਿਰ ਤੇਰੇ ਵਿੱਚ ਧੱਕੇ ਖਾ ਕੇ ਆਇਆਂ ਵਾਂ
ਦੇ ਦੇ ਯਾਰ, ਪਨਾਹ ਦੀ ਬਹੁਤ ਜਰੂਰਤ ਹੈ

ਦਾਰੂ ਦੂਰੂ ਤੇ ਮੈਂ ਅੱਜ ਤੱਕ ਪੀਤੀ ਨਹੀਂ
ਹਾਂ ਪਰ ਇੱਕ ਕੱਪ ਚਾਹ ਦੀ ਬਹੁਤ ਜਰੂਰਤ ਹੈ

# ਮਿੱਤਰੋ

ਹੱਥ ਥੋੜ੍ਹਾ ਜਿਹਾ ਤੰਗ ਹੈ ਮਿੱਤਰੋ
ਪੈਸੇ ਪੱਖੋਂ ਨੰਗ ਹੈ ਮਿੱਤਰੋ

ਉਹਦੇ ਨਾਲ ਖੁੱਲਣ ਨੂੰ ਫਿਰਦਾ
ਜਿਹਨੂੰ ਲੱਗਦੀ ਸੰਗ ਹੈ ਮਿੱਤਰੋ

ਨੈਣਾਂ ਵਿੱਚ ਉਹ ਚੰਨ ਭਰ ਲੈਂਦੀ
ਸੂਰਜ ਵਰਗਾ ਰੰਗ ਹੈ ਮਿੱਤਰੋ

ਇੱਕ ਉਹ ਹੀਰ ਪੜ੍ਹਨ ਦੀ ਸ਼ੌਂਕੀ
ਉੱਪਰੋਂ ਪਿੰਡ ਵੀ ਝੰਗ ਹੈ ਮਿੱਤਰੋ

ਇੱਕ ਤਾਂ ਮੇਰੇ ਅੰਦਰ ਰੌਲ਼ਾ
ਬਾਹਰ ਵੀ ਚੱਲਦੀ ਜੰਗ ਹੈ ਮਿੱਤਰੋ

ਉਹਦੇ ਨਾਲ ਕਰਾ ਦੋ ਰਿਸ਼ਤਾ
ਮੇਰੀ ਬਸ ਇਹ ਮੰਗ ਹੈ ਮਿੱਤਰੋ

# ਇੱਕ ਕੁੜੀ

ਪਿੰਡ ਦੇ ਵੱਲ ਨੂੰ ਮੁੜੀ ਦੇਖੀ ਮੈਂ
ਬੰਨੇ ਉੱਤੇ ਤੁਰੀ ਦੇਖੀ ਮੈਂ

ਕਸਮ ਐ ਜੰਨਤ ਵਰਗੀ ਸੀ ਉਹ
ਖੇਤਾਂ ਵਿੱਚ ਜੋ ਕੁੜੀ ਦੇਖੀ ਮੈਂ

ਕਣਕ ਬੰਨੇ ਜਿਹੇ ਰੰਗ ਦੇ ਵਾਲੀ
ਕਣਕ ਨੂੰ ਹੱਥ ਛੁਹਾ ਕੇ ਲੰਘੀ

ਮੇਰੇ ਦਿਲ ਨੂੰ ਮੋਹ ਕੇ ਲੰਘੀ
ਮੇਰੀ ਹੋਸ਼ ਭੁਲਾ ਕੇ ਲੰਘੀ

ਕੁਦਰਤ ਦੇ ਰੰਗਾਂ ਵਿੱਚ ਰੰਗੀ
ਕੁਦਰਤ ਦੇ ਨਾਲ ਜੁੜੀ ਦੇਖੀ ਮੈਂ

ਕਸਮ ਐ ਜੰਨਤ ਵਰਗੀ ਸੀ ਉਹ
ਖੇਤਾਂ ਵਿੱਚ ਜੋ ਕੁੜੀ ਦੇਖੀ ਮੈਂ

# ਮੁਲਾਕਾਤ

ਕੋਲ਼ ਮੇਰੇ ਉਹ ਬਹਿ ਕੇ ਗਈ ਹੈ
ਦਿਲ ਮੇਰੇ ਨਾਲ ਖਿਹ ਕੇ ਗਈ ਹੈ

ਗੱਲਾਂ ਕਈ ਸਮਝਾ ਗਈ ਮੈਨੂੰ
ਨਾਲ਼ੇ ਕਮਲ਼ਾ ਕਹਿ ਕੇ ਗਈ ਹੈ

ਖੋਲ੍ਹ ਗਈ ਹੈ ਸਾਰੀਆਂ ਗੁੰਝਲਾਂ
ਨਾਲ਼ ਸਾਰੇ ਗਮ ਲੈ ਕੇ ਗਈ ਹੈ

ਰੂਹ ਮੇਰੀ ਦੇ ਅੰਦਰੋਂ ਲੰਘੀ
ਪਾਣੀ ਵਾਂਗਰ ਵਹਿ ਕੇ  ਲਈ

ਹੀਰ ਦੇ ਪਿੰਡ ਦੇ ਨੇੜੇ ਦੀ ਉਹ
ਹੀਰ ਪੜ੍ਹਨ ਲਈ ਦੇ ਕੇ ਗਈ ਹੈ

# ਮੁਹੱਬਤ ਕੀ ਹੁੰਦੀ ਹੈ

ਤੇਰੇ ਤੇ ਵਿਸ਼ਵਾਸ, ਭਰੋਸਾ ਪੂਰਾ ਹੈ
ਲੋਕਾਂ ਵਾਂਗਰ ਕੱਚਾ ਨਹੀਂਓ ਕੰਨ ਦਾ ਹਾਂ

ਤੇਰੇ ਹੱਥ ਦਾ ਪਾਣੀ ਸ਼ਰਬਤ ਲੱਗਦਾ ਹੈ
ਅੰਮ੍ਰਿਤ ਮੰਨਦਾ ਟੁਕੜਾ ਹਰ ਇੱਕ ਅੰਨ ਦਾ ਹਾਂ

ਤੇਰੇ ਨਾਲ ਹੈ ਰੂਹ ਦਾ ਰਿਸ਼ਤਾ ਯਾਦ ਰੱਖੀਂ
ਸੋਚ ਲਵੀਂ ਨਾ ਆਸ਼ਕ ਤੇਰੇ ਤਨ ਦਾ ਹਾਂ

ਹਨੇਰੀ ਜ਼ਿੰਦਗੀ ਦੇ ਵਿੱਚ ਬਣੀ ਉਜਾਲਾ ਤੂੰ
ਦਰਜਾ ਤੈਨੂੰ ਤਾਂ ਮੈਂ ਦਿੰਦਾ ਚੰਨ ਦਾ ਹਾਂ

ਹੋਰ ਮੁਹੱਬਤ ਕੀ ਹੁੰਦੀ ਐ ਕਮਲੀਏ ਨੀ
ਤੇਰੀ ਗਲਤੀ ਨੂੰ ਵੀ ਆਪਣੀ ਮੰਨਦਾ ਹਾਂ

# ਜ਼ੁਲਫ਼ਾਂ

ਆਪਣੀਆਂ ਤੂੰ ਲਹਿਰਾ ਕੇ ਜ਼ੁਲਫ਼ਾਂ
ਇੱਕ ਪਾਸੇ ਨੂੰ ਵਾਹ ਕੇ ਜ਼ੁਲਫ਼ਾਂ

ਲੱਗੇ ਇਰਾਦਾ ਲੁੱਟਣ ਦਾ ਏ
ਤਾਂ ਹੀ ਆਈ ਬਣਾ ਕੇ ਜ਼ੁਲਫ਼ਾਂ

ਝੁਮਕੇ ਮੈਨੂੰ ਆਣ ਦਿਖਾਵੇਂ
ਕੰਨਾਂ ਪਿੱਛੇ ਪਾ ਕੇ ਜ਼ੁਲਫ਼ਾਂ

ਕਸਮੇਂ ਹੋਸ਼ ਉਡਾ ਛੱਡੀ ਐ
ਹਵਾ ਦੇ ਵਿੱਚ ਉਡਾ ਕੇ ਜ਼ੁਲਫ਼ਾਂ

# ਤਾਰੀਫ਼

ਤੇਰੇ ਲਈ ਉਡੀਕ ਕਰਾਂਗਾ
ਮੈਂ ਸਾਰਾ ਕੁਝ ਠੀਕ ਕਰਾਂਗਾ
ਐਵੇਂ ਨੱਕ ਬੁੱਲ੍ਹ ਕੱਢਦੀ ਐ ਕਿਉਂ
ਰੁਕ ਤੇਰੀ ਤਾਰੀਫ਼ ਕਰਾਂਗਾ

ਸ਼ੁਰੂ ਕਰਾਂਗਾ ਵਾਲਾਂ ਤੋਂ
ਫ਼ਿਰ ਪੈਰਾਂ ਤੀਕਰ ਜਾਵਾਂਗਾ ਨੀ
ਨਜ਼ਰ ਕਿਤੇ ਲੱਗਜੇ ਨਾ ਮੇਰੀ
ਕਾਲਾ ਟਿੱਕਾ ਲਾਵਾਂਗਾ ਨੀ

ਕਿਸੇ ਕੋਲੋਂ ਵੀ ਮਿਟਣੀ ਨਹੀਂ ਜੋ
ਪੱਥਰ ਉੱਤੇ ਲੀਕ ਕਰਾਂਗਾ
ਐਵੇਂ ਨੱਕ ਬੁੱਲ੍ਹ ਕੱਢਦੀ ਐ ਕਿਉਂ
ਰੁਕ ਤੇਰੀ ਤਾਰੀਫ਼ ਕਰਾਂਗਾ

ਜ਼ਿਕਰ ਨੈਣਾਂ ਦਾ ਕਰਨਾ ਬਣਦਾ
ਤੇਰੇ ਲਈ ਤਾਂ ਮਰਨਾ ਬਣਦਾ
ਲੱਖਾਂ ਨਹੀਂ ਤੂੰ ਅਰਬਾਂ ਚੋਂ ਇੱਕ
ਨਿਕਾਹ ਤੇਰੇ ਨਾਲ ਪੜਨਾ ਬਣਦਾ

ਦਿਲ ਕਈਆਂ ਦੇ ਹੋਣਗੇ ਕੋਲੇ
ਜਦ ਮੈਂ ਤੇਰਾ ਹੱਥ ਫੜਾਂਗਾ

ਐਵੇਂ ਨੱਕ ਬੁੱਲ੍ਹ ਕੱਢਦੀ ਐ ਕਿਉਂ
ਰੁਕ ਤੇਰੀ ਤਾਰੀਫ਼ ਕਰਾਂਗਾ

ਹਾਂ ਯਾਰਾ ਬਿਨ ਸ਼ੱਕ ਦੇ ਦੇਣੇ
ਤੈਨੂੰ ਸਾਰੇ ਹੱਕ ਦੇ ਦੇਣੇ
ਇੱਕ ਗੱਲ ਤਾਂ ਤੈਨੂੰ ਮੰਨਣੀ ਪੈਣੀ
ਮੈਂ ਜਚਣਾ ਜਦ ਤੇਰੇ ਨਾਲ ਖੜਾਂਗਾ
ਐਵੇਂ ਨੱਕ ਬੁੱਲ੍ਹ ਕੱਢਦੀ ਐ ਕਿਉਂ
ਰੁਕ ਤੇਰੀ ਤਾਰੀਫ਼ ਕਰਾਂਗਾ

# ਮੇਰੇ ਵਰਗਾ

ਹੋਣਾ ਚਾਹੁੰਦਾ ਹਿੱਸਾ ਤੇਰੀ ਜ਼ਿੰਦਗੀ ਦਾ
ਤੇਰੇ ਤੋਂ ਅਲੱਗ ਮੈਂ ਦਿਖਣਾ ਚਾਹੁੰਦਾ ਨਹੀਂ

ਵਾਹ ਲਾ ਦਊਂਗਾ ਤੈਨੂੰ ਹਾਸਿਲ ਕਰਨੇ ਲਈ
ਰੱਬ ਦੇ ਉੱਪਰ ਕੁਝ ਵੀ ਸਿੱਟਣਾ ਚਾਹੁੰਦਾ ਨਹੀਂ

ਜਿਉਂ ਪੱਥਰ ਤੇ ਵਾਹੀ ਲੀਕਰ ਮਿਟਦੀ ਨਹੀਂ
ਤੇਰੀ ਰੂਹ ਦੇ ਵਿੱਚੋਂ ਮਿਟਣਾ ਚਾਹੁੰਦਾ ਨਹੀਂ

ਤੇਰੀ ਇੱਕ ਮੁਸਕਾਨ ਲਈ ਪੂਰਾ ਹਾਜ਼ਿਰ ਹਾਂ
ਹੋਰ ਕਿਸੇ ਲਈ ਇੰਚ ਵੀ ਵਿਕਣਾ ਚਾਹੁੰਦਾ ਨਹੀਂ

ਤੇਰੇ ਵਰਗਾ ਲਿਖ ਨਹੀਂ ਹੁੰਦਾ ਮੇਰੇ ਤੋਂ
ਮੇਰਾ ਵਰਗਾ ਮੈਂ ਕੁਝ ਲਿਖਣਾ ਚਾਹੁੰਦਾ ਨਹੀਂ

# ਨਜ਼ਰਾਂ

ਐਵੇਂ ਕਿਉਂ ਹੁਣ ਵਰਕੇ ਪਾੜੀ ਜਾਂਦੀ ਐ
ਕਵੀਆਂ ਨੂੰ ਕਿਉਂ ਤਾਨ੍ਹੇ ਮਾਰੀ ਜਾਂਦੀ ਐ

ਇੱਕ ਨੇ ਤੇਰੇ ਬੋਲ ਜੋ ਸੀਨਾ ਚੀਰ ਰਹੇ
ਇੱਕ ਤੂੰ ਹੈਂ ਜੋ ਹੱਸਕੇ ਸਾਰੀ ਜਾਂਦੀ ਐ

ਮੰਨਿਆ ਤੇਰੇ ਬਾਰੇ ਲਿਖਣਾ ਔਖਾ ਐ
ਲਿਖੇ ਜੋ ਵਰਕੇ ਉਹ ਕਿਉਂ ਸਾੜੀ ਜਾਂਦੀ ਐ

ਉਂਝ ਕਹਿੰਦੀ ਐ ਮੈਂ ਹਿੰਸਾ ਦੇ ਪੱਖ ਵਿੱਚ ਨਹੀਂ
ਫਿਰ ਕਿਉਂ ਮੁੰਡੇ ਸੂਲੀ ਚਾੜ੍ਹੀ ਜਾਂਦੀ ਐ

ਰਾਂਝੇ ਨੇ ਸੀ ਚਾਰੀਆਂ ਮੱਝਾਂ ਹੀਰ ਦੇ ਲਈ
ਤੂੰ ਅੱਜ ਕੱਲ੍ਹ ਦੇ ਰਾਂਝੇ ਈ ਚਾਰੀ ਜਾਂਦੀ ਐ

ਆਜਾ ਲਿਖਕੇ ਦੇ ਦਿੰਦਾ ਤੂੰ ਸੋਹਣੀ ਐ
ਸ਼ੀਸ਼ੇ ਤੇ ਕਿਉਂ ਨਜ਼ਰਾਂ ਮਾਰੀ ਜਾਂਦੀ ਐ

# ਪਹਿਲੀ ਮੁਲਾਕਾਤ

ਜਦੋਂ ਆਪਾਂ ਮਿਲੇ ਸੀ
ਵੇ ਨਿੱਘੀ ਜਿਹੀ ਧੁੱਪ ਸੀ
ਆਪਾਂ ਦੋਵੇਂ ਬੋਲ ਰਹੇ ਸੀ
ਬਾਕੀ ਸਭ ਚੁੱਪ ਸੀ

ਚੇਤੇ ਐ ਨਾ ਤੈਨੂੰ
ਜਿਸ ਥੱਲੇ ਅਸੀਂ ਬੈਠੇ ਸੀ
ਸ਼ਹਿਰ ਲੁਧਿਆਣੇ ਵਿੱਚ
ਬੋਹੜ ਵਾਲਾ ਰੁੱਖ ਸੀ

ਕੁਝ ਗੱਲਾਂ ਕੀਤੀਆਂ
ਤੇ ਫੇਰ ਤੁਰ ਪਏ ਸੀ
ਦੇਖਣ ਲਈ ਮੂਵੀ
ਪੀ ਵੀ ਆਰ ਮੁੜ ਗਏ ਸੀ

ਹਾਲ ਵਿੱਚ ਬੈਠੇ
ਅੱਖਾਂ ਨਮ ਸੀ ਮੈਂ ਕੀਤੀਆਂ
ਬੜਾ ਔਖਾ ਉਦੋਂ ਤੂੰ
ਕਰਾਇਆ ਮੈਨੂੰ ਚੁੱਪ ਸੀ
ਜਦੋਂ ਆਪਾਂ ਮਿਲੇ ਸੀ
ਵੇ ਨਿੱਘੀ ਜਿਹੀ ਧੁੱਪ ਸੀ

ਜਿੱਥੋਂ ਆਪਾਂ ਲੰਘੇ ਸੀ
ਉਹ ਰਾਸਤਾ ਨੀ ਭੁੱਲਿਆ
ਤੇਰੇ ਨਾਲ ਖਾਧਾ
ਚਿੱਟਾ ਪਾਸਤਾ ਨੀ ਭੁੱਲਿਆ

ਅਦੀਬ ਦੀ ਕਿਤਾਬ
ਮੈਂ 'ਕਸੀਦਾ" ਤੈਨੂੰ ਦਿੱਤੀ ਸੀ
ਤੇਰੀ ਬਿਨਾਂ ਖਾਧੇ ਪੀਤੇ
ਮਿਟ ਗਈ ਭੁੱਖ ਸੀ

ਜਦੋਂ ਆਪਾਂ ਮਿਲੇ ਸੀ
ਵੇ ਨਿੱਘੀ ਜਿਹੀ ਧੁੱਪ ਸੀ
ਆਪਾਂ ਦੋਵੇਂ ਬੋਲ ਰਹੇ ਸੀ
ਬਾਕੀ ਸਭ ਚੁੱਪ ਸੀ

# ਬਿਰਹੋਂ

ਰਫ਼ਤਾ ਰਫ਼ਤਾ ਕਲਮ ਤੋਰਦਾ, ਮੈਨੂੰ ਸਾਹਿਤ ਵੱਲ ਮੋੜਦਾ
ਬਿਰਹੋਂ ਮੇਰੇ ਮੁਰਸ਼ਦ ਵਰਗਾ, ਮੈਨੂੰ ਲਿਖਤਾਂ ਨਾਲ ਜੋੜਦਾ

# ਅਨੋਖਾ ਵਿਆਹ

ਅੱਖ ਵਿੱਚ ਹਿਜ਼ਰ ਦਾ ਕੱਜਲ ਪਾ ਦੇ
ਮੱਥੇ ਪੀੜ੍ਹ ਦੀ ਬਿੰਦੀ ਲਾ ਦੇ

ਪੈਰੀਂ ਪਾ ਦੁੱਖਾਂ ਦੀ ਝਾਂਜਰ
ਚੁੰਨੀ ਹੰਝੂਆਂ ਨਾਲ ਸਜਾ ਦੇ

ਸੁੰਨੀਆਂ ਬਾਹਾਂ ਮੇਰੀਆਂ ਦੇ ਵਿੱਚ
ਆਜਾ ਗ਼ਮ ਦਾ ਚੂੜਾ ਪਾ ਦੇ

ਦਾਜ 'ਚ ਦੇ ਅਸ਼ਕਾਂ ਦੀ ਪੇਟੀ
ਨਾਲੇ ਹਉਂਕੇ ਨਾਮ ਕਰਾ ਦੇ

ਵਿਦਾ ਕਰੀਂ ਤਕਲੀਫ਼ਾਂ ਦੇ ਨਾਲ
ਖ਼ੁਸ਼ੀ ਮੇਰੀ ਨੂੰ ਤੀਲੀ ਲਾ ਦੇ

ਇੱਕ ਗੱਲ ਮੰਨ ਲੈ ਅੱਜ ਤੂੰ ਮੇਰੀ
ਮੈਨੂੰ ਬਿਰਹੋਂ ਨਾਲ ਵਿਆਹ ਦੇ

# ਕਿੰਝ

ਤੇਰੀ ਗੱਲ ਤੇ ਧਿਆਨ ਕਰਾਂ ਕਿੰਝ
ਤੇਰੇ ਨਾਲ ਜ਼ੁਬਾਨ ਕਰਾਂ ਕਿੰਝ

ਨਾ ਬੀਬਾ ਇਹ ਸੰਭਵ ਨਹੀਂ ਐ
ਦਿਲ ਤੈਥੋਂ ਕੁਰਬਾਨ ਕਰਾਂ ਕਿੰਝ

ਆਪਣੀ ਜਗ੍ਹਾ ਤੇ ਠੀਕ ਐ ਤੂੰ ਵੀ
ਮੈਂ ਤੇਰਾ ਅਪਮਾਨ ਕਰਾਂ ਕਿੰਝ

ਮੇਰੇ ਵੱਸ ਦੀ ਗੱਲ ਨਹੀਂ ਐ
ਧਰਤੀ ਨੂੰ ਅਸਮਾਨ ਕਰਾਂ ਕਿੰਝ

ਮੈਂ ਤਾਂ ਪਹਿਲਾਂ ਈ ਇਸ਼ਕ 'ਚ ਬੱਝਿਆ
ਪਿਆਰ ਤੇਰਾ ਪ੍ਰਵਾਨ ਕਰਾਂ ਕਿੰਝ

# ਮੁਰਸ਼ਦ

ਸ਼ਾਇਰ ਪਲ ਦੋ ਪਲ ਦਾ ਹਾਂ ਮੈਂ
ਆਪਣੀ ਮੌਜ 'ਚ ਚੱਲਦਾ ਹਾਂ ਮੈਂ

ਕਰ ਨਹੀਂ ਸਕਦਾ ਪਾਕ ਮੁਹੱਬਤ
ਜੀ ਆਸ਼ਕ ਅੱਜ ਕੱਲ੍ਹ ਦਾ ਹਾਂ ਮੈਂ

ਖੜ੍ਹਿਆ ਹੈ ਜੋ ਇੱਕ ਜਗ੍ਹਾ ਤੇ
ਹਾਂ ਹਿੱਸਾ ਉਸ ਜੱਲ ਦਾ ਹਾਂ ਮੈਂ

ਤਾਰਿਆਂ ਦੇ ਨਾਲ ਰਿਸ਼ਤਾ ਮੇਰਾ
ਕੋਈ ਮੁਰੀਦ ਨਾ ਚੰਨ ਦਾ ਹਾਂ ਮੈਂ

ਪੀੜ੍ਹ ਦੇ ਗਏ ਜੋ ਆਪਣੇ ਮੈਨੂੰ
ਔਖੀ ਸੌਖੀ ਝੱਲਦਾ ਹਾਂ ਮੈਂ

ਲਿਖਤਾਂ ਦੇ ਵਿੱਚ ਬਿਰਹੋਂ ਭਰਿਆ
ਸ਼ਿਵ ਨੂੰ ਮੁਰਸ਼ਦ ਮੰਨਦਾ ਹਾਂ ਮੈਂ

# ਇਸ਼ਕ ਦੇ ਰੌਲ਼ੇ

ਬੇਰੰਗ ਜਿਹੀ ਹੈ ਮੇਰੀ ਜ਼ਿੰਦਗੀ
ਇਸ ਵਿੱਚ ਕੋਈ ਰੰਗ ਨਹੀਂ ਹੈ

ਠੋਕਰਾਂ ਖਾ ਖਾ ਚੱਲ ਰਿਹਾ ਹਾਂ
ਕੋਈ ਮੇਰੇ ਸੰਗ ਨਹੀਂ ਹੈ

ਕੜਾ ਜੋ ਮੈਨੂੰ ਦੇ ਨਹੀਂ ਸਕਦੀ
ਉਹਦੇ ਲਈ ਵੀ ਵੰਗ ਨਹੀਂ ਹੈ

ਉਹਨੇ ਪੁੱਛਿਆ, ਆਖ ਦਿੱਤਾ ਮੈਂ
ਇਸ਼ਕ ਬਿਨਾਂ ਕੋਈ ਮੰਗ ਨਹੀਂ ਹੈ

ਉਹ ਕਹਿੰਦੀ ਤੂੰ ਕਿਹੜਾ ਧੀਦੋ !
ਤੈਨੂੰ ਪਿਆਰ ਦਾ ਢੰਗ ਨਹੀਂ ਹੈ

ਆਖਿਆ ਮੈਂ, ਜੇ ਨਹੀਂ ਮੈਂ ਰਾਂਝਾ
ਤੇਰਾ ਪਿੰਡ ਵੀ ਝੰਗ ਨਹੀਂ ਹੈ

# ਗੀਤ ਤੇ ਗ਼ਜ਼ਲਾਂ

ਤੇਰੇ ਦਿੱਤੇ ਗ਼ਮ ਦੇ ਅੱਗੇ ਖ਼ੁਸ਼ੀਆਂ ਅਕਸਰ ਹਾਰਦੀਆਂ ਨੇ
ਮੇਰੇ ਗੀਤ ਵੀ ਰੋਂਦੇ ਨੇ ਤੇ ਗ਼ਜ਼ਲਾਂ ਚੀਕਾਂ ਮਾਰਦੀਆਂ ਨੇ

ਛੁੱਟ ਜਾਵੇ ਦਰਦਾਂ ਤੋਂ ਖਹਿੜਾ ਰੋ ਰੋ ਅਰਜ਼ ਗੁਜ਼ਾਰਦੀਆਂ ਨੇ
ਮੇਰੇ ਗੀਤ ਵੀ ਰੋਂਦੇ ਨੇ ਤੇ ਗ਼ਜ਼ਲਾਂ ਚੀਕਾਂ ਮਾਰਦੀਆਂ ਨੇ

ਮੇਰੀ ਹਰ ਇੱਕ ਲਿਖਤ ਰੋਂਵਦੀ, ਹਿਜ਼ਰਾਂ ਦੇ ਨਾਲ ਭਰੀ ਪਈ ਹੈ
ਬਿਰਹੋਂ ਪੜ੍ਹ ਕੇ ਲੋਕ ਆਖਦੇ ਤੂੰ ਤੇ ਹੱਦ ਹੀ ਕਰੀ ਪਈ ਹੈ

" ਚੰਗਾ ਭਲਾ ਤੂੰ ਪੜ੍ਹਿਆ ਲਿਖਿਆ, ਫਿਰ ਕਿਉਂ ਇੰਨੀ ਨਿਰਾਸ਼ਾ ਲਿਖਦਾ? "
ਉਹ ਕੀ ਜਾਨਣ ਬਾਹਰੋਂ ਖੁਸ਼ ਆ, ਅੰਦਰੋਂ ਤੇ ਰੂਹ ਮਰੀ ਪਈ ਹੈ

ਪੀੜ੍ਹਾਂ ਮੇਰੇ ਅੱਖਰਾਂ ਨਾਲ ਮਿਲਕੇ ਮੇਰੀ ਲਿਖਤ ਨਿਖਾਰਦੀਆਂ ਨੇ
ਮੇਰੇ ਗੀਤ ਵੀ ਰੋਂਦੇ ਨੇ ਤੇ ਗ਼ਜ਼ਲਾਂ ਚੀਕਾਂ ਮਾਰਦੀਆਂ ਨੇ

# ਨਹੀਂ ਮਿਲਿਆ

ਕੰਡਿਆਂ ਤੱਕ ਮੈਂ ਰਹਿ ਗਿਆ ਸੀਮਤ
ਸੂਹਾ ਲਾਲ ਗੁਲਾਬ ਨਹੀਂ ਮਿਲਿਆ

ਚੰਗੇ ਕੰਮ ਤੇ ਬਹੁਤ ਕਰੇ ਮੈਂ
ਮੈਨੂੰ ਮਗਰ ਸਬਾਬ ਨਹੀਂ ਮਿਲਿਆ

ਝਾਤ ਮਾਰੀ ਜਦ ਆਪਣੇ ਗ਼ਮ ਤੇ
ਕੋਈ ਹਿਸਾਬ ਕਿਤਾਬ ਨਹੀਂ ਮਿਲਿਆ

ਜਦ ਮਨ ਕਰਿਆ ਰੋ ਲਾਂ ਭੋਰਾ
ਅੱਖ ਮੇਰੀ ਵਿੱਚ ਆਬ ਨਹੀਂ ਮਿਲਿਆ

ਸੁਪਨਿਆਂ ਵਿੱਚ ਵੀ ਪੀੜ੍ਹ ਹੀ ਸਾਥਣ
ਮੈਨੂੰ ਚੱਜ ਦਾ ਖ਼ਵਾਬ ਨਹੀਂ ਮਿਲਿਆ

ਡੁੱਬ ਤੇ ਜਾਂਦਾ ਸੋਹਣੀ ਵਾਂਗਰ
ਚੜ੍ਹਦੇ ਵਿੱਚ ਚਨਾਬ ਨਹੀਂ ਮਿਲਿਆ

ਰੱਬ ਨਾਲ ਸ਼ਿਕਵਾ ਦੱਸ ਕਰਾਂ ਕੀ ?
ਪਹਿਲਿਆਂ ਨੂੰ ਇਨਸਾਫ਼ ਨਹੀਂ ਮਿਲਿਆ

# ਕਬਰਿਸਤਾਨ

ਰਾਂਝੇ, ਮਜਨੂੰ ਵਾਂਗ ਮਹਾਨ ਨੀ ਹੋ ਸਕਦਾ
ਇਸ਼ਕੇ ਦੇ ਵਿੱਚ ਮੈਂ ਕੁਰਬਾਨ ਨੀ ਹੋ ਸਕਦਾ

ਚੰਗੇ ਲੱਗਦੇ ਮੈਨੂੰ ਪਰਬਤ ਤੇ ਜੰਗਲ਼
ਤੇਰੇ ਲਈ ਮੈਂ ਕਬਰਿਸਤਾਨ ਨੀ ਹੋ ਸਕਦਾ

ਗਲ਼ ਵਿੱਚ ਇਸ਼ਕ ਦਾ ਰੱਸਾ ਨਹੀਂਓ ਪਾ ਸਕਦਾ
ਮੈਂ ਪੀੜ੍ਹਾਂ ਨਾਲ ਯਾਰੀ ਨਹੀਂਓ ਲਾ ਸਕਦਾ

ਤੂੰ ਕਹਿੰਦੀ, "ਮੈਨੂੰ ਚੇਤੇ ਰੱਖ ਤੇ ਸਭ ਭੁੱਲਜਾ"
ਨਾਂਹ ! ਮੈਂ ਅੰਮੀ ਦੇ ਸੁਫ਼ਨੇ ਨਹੀਂ ਭੁਲਾ ਸਕਦਾ

ਕੁੜੀਏ ਮੈਨੂੰ ਰੌਣਕ ਚੰਗੀ ਲੱਗਦੀ ਐ
ਤੇਰੇ ਕਰਕੇ ਮੈਂ ਸ਼ਮਸ਼ਾਨ ਨੀ ਹੋ ਸਕਦਾ

ਚੰਗੇ ਲੱਗਦੇ ਮੈਨੂੰ ਪਰਬਤ ਤੇ ਜੰਗਲ਼
ਤੇਰੇ ਲਈ ਮੈਂ ਕਬਰਿਸਤਾਨ ਨੀ ਹੋ ਸਕਦਾ

# ਸ਼ੋਰ

ਕਾਲੇ ਕਾਲੇ ਕਾਵਾਂ ਨੂੰ ਵੀ ਮੋਰ ਦੱਸੀ ਜਾਂਦਾ ਐ
ਪਾਗ਼ਲ ਜਿਹਾ ਸਾਯਾਂ ਨੂੰ ਵੀ ਚੋਰ ਦੱਸੀ ਜਾਂਦਾ ਐ
ਮਿਲੀ ਬੇਵਫ਼ਾਈ ਉਹਨੂੰ ਜਦੋਂ ਦੀ ਪਿਆਰ ਵਿੱਚ
ਕੋਇਲਾਂ ਦੀ 'ਵਾਜ ਨੂੰ ਵੀ ਸ਼ੋਰ ਦੱਸੀ ਜਾਂਦਾ ਐ

ਅੱਕਾਂ ਦਿਆਂ ਪੌਦਿਆਂ ਚੋਂ ਰਸ ਫਿਰੇ ਭਾਲ਼ਦਾ
ਪਾਗ਼ਲ ਜਿਹਾ ਇਸ਼ਕ ਚ ਜਿੰਦ ਪਿਆ ਗਾਲ਼ਦਾ
ਉਹਨੂੰ ਮਾੜਾ ਬੋਲਦਾ ਨੀ ਨਾ ਹੀ ਹੈ ਬੋਲਣ ਦਿੰਦਾ
ਟੁਕੜਾ ਸੰਭਾਲੀ ਫ਼ਿਰਦਾ ਹੈ ਉਹਦੇ ਵਾਲ ਦਾ

ਜੇ ਉਹਦੇ ਬਾਰੇ ਪੁੱਛੀਏ ਜਵਾਬ ਕੋਈ ਦਿੰਦਾ ਨੀ
ਮਹਿਫ਼ਿਲ ਚ ਗੱਲਾਂ ਹੋਰ ਹੋਰ ਦੱਸੀ ਜਾਂਦਾ ਐ
ਮਿਲੀ ਬੇਵਫ਼ਾਈ ਉਹਨੂੰ ਜਦੋਂ ਦੀ ਪਿਆਰ ਵਿੱਚ
ਕੋਇਲਾਂ ਦੀ 'ਵਾਜ ਨੂੰ ਵੀ ਸ਼ੋਰ ਦੱਸੀ ਜਾਂਦਾ ਐ

ਰੂਹ ਨੂੰ ਤੁਸੀਂ ਫੋਲਦੇ ਨਹੀਂ, ਜਿਸਮਾਂ ਨੂੰ ਮਾਣਦੇ
ਗ਼ਮਾਂ ਦਾ ਕੀ ਮੁੱਲ ਕਹਿੰਦਾ ਤੁਸੀਂ ਨਹੀਂਓ ਜਾਣਦੇ
ਅੱਜ ਕੱਲ੍ਹ ਕਰਦਾ ਅਜੀਬ ਜਿਹੀਆਂ ਗੱਲਾਂ ਪ੍ਰੀਤ
ਹਉਕਿਆਂ ਦਾ ਮੁੱਲ ਉਹ ਕਰੋੜ ਦੱਸੀ ਜਾਂਦਾ ਐ
ਮਿਲੀ ਬੇਵਫ਼ਾਈ ਉਹਨੂੰ ਜਦੋਂ ਦੀ ਪਿਆਰ ਵਿੱਚ
ਕੋਇਲਾਂ ਦੀ 'ਵਾਜ ਨੂੰ ਵੀ ਸ਼ੋਰ ਦੱਸੀ ਜਾਂਦਾ ਐ

ਅੱਜ ਕੱਲ੍ਹ ਸ਼ੇਅਰ ਬੜੇ ਜੌਨ ਦੇ ਹੈ ਪੜਦਾ
ਬਿਰਹੋਂ ਚ ਰੰਗਿਆ ਉਹ ਸ਼ਿਵ ਸ਼ਿਵ ਕਰਦਾ
ਆਪਣੀ ਉਦਾਸੀ ਉਹਦੇ ਕੋਲੋਂ ਸਾਂਭੀ ਜਾਂਦੀ ਨਹੀਂ
ਹੋਰਾਂ ਨੂੰ ਉਦਾਸੀਆਂ ਦਾ ਤੋੜ ਦੱਸੀ ਜਾਂਦਾ ਐ
ਮਿਲੀ ਬੇਵਫ਼ਾਈ ਉਹਨੂੰ ਜਦੋਂ ਦੀ ਪਿਆਰ ਵਿੱਚ
ਕੋਇਲਾਂ ਦੀ 'ਵਾਜ ਨੂੰ ਵੀ ਸ਼ੋਰ ਦੱਸੀ ਜਾਂਦਾ ਐ

# ਸ਼ਾਇਰ ਸ਼ਿਵ

ਕੌਣ ਮੈਨੂੰ ਦੱਸ ਬਿਰਹੋਂ ਦੇ ਅੱਕ ਚੱਬੇਗਾ
ਸ਼ਿਵ ਦੇ ਵਰਗਾ ਸ਼ਾਇਰ ਕਿੱਥੋਂ ਲੱਭੇਗਾ

ਦਰਦਾਂ ਦੀ ਪੁੱਟ ਕਬਰ ਗ਼ਮਾਂ ਦੇ ਵਿਹੜੇ ਵਿੱਚ
ਕੌਣ ਜਿਉਂਦਾ ਆਪਣੇ ਆਪ ਨੂੰ ਦੱਬੇਗਾ

ਮੈਨੂੰ ਵਿਦਾ ਕਰੋ ਨੂੰ ਕਿਹੜਾ ਸਿਰਜੇਗਾ
ਹਾਲ ਫ਼ਕੀਰਾਂ ਦੇ ਨੂੰ ਕੌਣ ਉਚਾਰੇਗਾ

ਲੂਣਾ ਦੇ ਗ਼ਮ ਨੂੰ ਦੱਸ ਕਿਹੜਾ ਸਮਝੇਗਾ
ਇਸ਼ਕ 'ਚ ਟੁੱਟਿਆਂ ਦੀ ਗੱਲ ਕੌਣ ਵਿਚਾਰੇਗਾ

ਜੋਬਨ ਰੁੱਤੇ ਉਹਦੇ ਵਾਂਗਰ ਮਰਕੇ ਨੀ
ਕੌਣ ਅੰਬਰ ਵਿੱਚ ਤਾਰਾ ਬਣਕੇ ਫੱਬੇਗਾ

ਸ਼ਿਵ ਦੇ ਵਰਗਾ ਸ਼ਾਇਰ ਕਿੱਥੋਂ ਲੱਭੇਗਾ
ਕੌਣ ਮੈਨੂੰ ਦੱਸ ਬਿਰਹੋਂ ਦੇ ਅੱਕ ਚੱਬੇਗਾ

# ਮਲਾਲ

ਬੁੱਲਾਂ ਉੱਤੇ ਗਾਲ਼ ਨਹੀਂ ਹੈ
ਉਹਦੇ ਲਈ ਸਵਾਲ ਨਹੀਂ ਹੈ

ਰਫ਼ਤਾ ਰਫ਼ਤਾ ਚੱਲ ਰਿਹਾ ਹਾਂ
ਮਨ ਮੇਰੇ ਵਿਚ ਕਾਹਲ ਨਹੀਂ ਹੈ

ਜਿਸਦੇ ਨਾਲ ਸੀ ਸੋਚੀ ਜ਼ਿੰਦਗੀ
ਉਹ ਹੁਣ ਮੇਰੇ ਨਾਲ ਨਹੀਂ ਹੈ

ਇਸ਼ਕ ਉਹਦੇ ਵਿੱਚ ਫਸਿਆ ਸੀ ਨਾ
ਫਿਰ ਕਿੰਝ ਕਹਿ ਦਿਆਂ ਜਾਲ ਨਹੀਂ ਹੈ

ਕੱਲ੍ਹ ਛੱਡ ਅੱਜ ਵੀ ਮਰ ਜਾਵਾਂ ਜੇ
ਮੈਨੂੰ ਕੋਈ ਮਲਾਲ ਨਹੀਂ ਹੈ

# ਸ਼ੀਸ਼ੇ ਨੂੰ

ਕੱਲ੍ਹ ਮੈਂ ਆਪਣੇ ਨਾਲ ਰਵਾਇਆ ਸ਼ੀਸ਼ੇ ਨੂੰ
ਆਪਣਾ ਹਰ ਇੱਕ ਦੁੱਖ ਸੁਣਾਇਆ ਸ਼ੀਸ਼ੇ ਨੂੰ

ਤੂੰ ਕਹਿੰਦੀ ਸੀ ਵਾਸੀ ਹੋ ਜਾ ਕਬਰਾਂ ਦਾ
ਇਹ ਸੁਣ ਮੇਰੇ ਤੇ ਤਰਸ ਹੈ ਆਇਆ ਸ਼ੀਸ਼ੇ ਨੂੰ

ਆਸੇ ਪਾਸੇ ਕੋਈ ਨਹੀਂ ਸੀ ਕੋਲ਼ ਮੇਰੇ
ਮੈਂ ਤਾਂ ਕਰਕੇ ਗਲ਼ ਨਾਲ ਲਗਾਇਆ ਸ਼ੀਸ਼ੇ ਨੂੰ

ਤੂੰ ਅੱਜ ਤੱਕ ਮੈਨੂੰ ਇਸ਼ਕੇ ਵਿੱਚ ਜੋ ਜੋ ਦਿੱਤੇ
ਮੈਂ ਆਪਣਾ ਹਰ ਇੱਕ ਜ਼ਖ਼ਮ ਦਿਖਾਇਆ ਸ਼ੀਸ਼ੇ ਨੂੰ

ਤੂੰ ਤੇ ਬੇਦਰਦੀ ਦੀ ਹੱਦ ਕਰ ਛੱਡੀ ਸੀ
ਮੈਂ, ਤਾਂ ਆਪਣਾ ਹਮਦਰਦ ਬਣਾਇਆ ਸ਼ੀਸ਼ੇ ਨੂੰ

# ਤਿੰਨ ਤੋਹਫ਼ੇ

ਉਹ ਕਹਿੰਦੀ ਤੂੰ ਕੀ ਕਮਾਇਆ
ਮੈਂ ਕਿਹਾ ਹਉਕੇ, ਪੀੜਾਂ , ਹੰਝੂ

ਇਸ਼ਕ ਦੇ ਵਿੱਚ ਕੀ ਹਿੱਸੇ ਆਇਆ
ਮੈਂ ਕਿਹਾ ਹਉਕੇ, ਪੀੜਾਂ , ਹੰਝੂ

ਤੇਰੇ ਨੇੜੇ ਕੌਣ ਹੁੰਦਾ ਐ
ਪਤਝੜ ਜਾਂ ਫਿਰ ਸਾਉਣ ਹੁੰਦਾ ਐ

ਕੌਣ ਹੈ ਤੇਰਾ ਹੁਣ ਹਮਸਾਇਆ
ਮੈਂ ਕਿਹਾ ਹਉਕੇ ,ਪੀੜਾਂ , ਹੰਝੂ

ਕੀ ਮਿਲਿਆ ਏ ਕੀ ਵੱਟਿਆ ਏ
ਅੱਜ ਤੱਕ ਦੱਸ ਤੂੰ ਕੀ ਖੱਟਿਆ ਐ

ਕੀ ਐ ਜਿੰਦਗੀ ਦਾ ਸਰਮਾਇਆ
ਮੈਂ ਕਿਹਾ ਹਉਕੇ, ਪੀੜਾਂ, ਹੰਝੂ

# ਚੰਗਾ ਹੈ

ਬਿਨ ਤੇਰੇ ਹੀ ਸਰ ਜਾਵੇ ਤਾਂ ਚੰਗਾ ਹੈ
ਜਲਦੀ ਸੂਰਜ ਢਲ਼ ਜਾਵੇ ਤਾਂ ਚੰਗਾ ਹੈ

ਦੀਵੇ ਦੇ ਵਿੱਚ ਤੇਲ ਜਿੰਨਾ ਵੀ ਬਚਿਆ ਹੈ
ਛੇਤੀ ਜੇਕਰ ਬਲ ਜਾਵੇ ਤਾਂ ਚੰਗਾ ਹੈ

ਪਤਝੜ ਤਾਂ ਬਸ ਅਸਰ ਦਿਖਾਉਂਦੀ ਪੱਤਿਆਂ ਤੇ
ਤੂੰ ਜੜ ਤੋਂ ਜੇ ਗਲ਼ ਜਾਵੇਂ ਤਾਂ ਚੰਗਾ ਏ

ਹਾਲੇ ਤੇਰੀ ਠੋਡੀ ਤੀਕਰ ਪਾਣੀ ਹੈ
ਸਿਰ ਉੱਤੇ ਤੱਕ ਭਰ ਜਾਵੇ ਤਾਂ ਚੰਗਾ ਹੈ

ਮੇਰੀ ਇੱਕ ਅਜ਼ੀਜ਼ ਦੁਆਵਾਂ ਕਰਦੀ ਹੈ
ਪ੍ਰੀਤ ਛੇਤੀ ਜੇ ਮਰ ਜਾਵੇ ਤਾਂ ਚੰਗਾ ਹੈ

# ਭੁੱਲਦੀਆਂ ਨਹੀਂ

ਪਹਿਲੀ ਵਾਰੀ ਡਰਦੇ ਡਰਦੇ
ਇਸ਼ਕ ਪੌੜੀਆਂ ਅਸਾਂ ਜੋ ਚੜੀਆਂ
ਭੁੱਲਦੀਆਂ ਨਹੀਂ

ਉਹਦੇ ਨਾਲ ਬਿਤਾਏ ਜਿਹੜੇ
ਦਿਨ, ਸਾਲ, ਲਮਹੇ ਤੇ ਘੜੀਆਂ
ਭੁੱਲਦੀਆਂ ਨਹੀਂ

ਭੀੜ ਚ ਸਭ ਤੋਂ ਅੱਖ ਬਚਾਕੇ
ਓਸ ਕੁੜੀ ਦੀਆਂ ਬਾਹਾਂ ਫੜੀਆਂ
ਭੁੱਲਦੀਆਂ ਨਹੀਂ

ਲਿਖ ਲਿਖ ਕੇ ਮਹਿਫ਼ਿਲ ਦੇ ਵਿੱਚ ਜੋ
ਓਸ ਕੁੜੀ ਲਈ ਨਜ਼ਮਾਂ ਪੜੀਆਂ
ਭੁੱਲਦੀਆਂ ਨਹੀਂ

ਉਹਨੂੰ ਮੰਗਣ ਲਈ ਜੋ ਪੂਜੇ
ਮੰਦਿਰ, ਮਸਜਿਦ ਨਾਲ਼ੇ ਮੜੀਆਂ
ਭੁੱਲਦੀਆਂ ਨਹੀਂ

ਚਾਰਜਿੰਗ ਉੱਤੇ ਫ਼ੋਨ ਲਗਾਕੇ
ਓਸ ਕੁੜੀ ਨਾਲ ਗੱਲਾਂ ਕਰੀਆਂ
ਭੁੱਲਦੀਆਂ ਨਹੀਂ

# ਹਲਾਲ ਇਸ਼ਕ

ਖ਼ੁਸ਼ੀ ਹਾਸਿਲ ਕਰਨੇ ਦੀ ਕੋਸ਼ਿਸ਼
ਕਰਦਾ ਜੇ, ਗ਼ਮ ਨਾਲ ਨਹੀਂ ਹੁੰਦਾ

ਜੇ ਦੁਨੀਆ ਦੀ ਸਮਝ ਤੂੰ ਰੱਖਦਾ
ਕਰਦਾ ਇੰਨੀ ਕਾਹਲ ਨਹੀਂ ਹੁੰਦਾ

ਜਿੰਨੀ ਮਰਜ਼ੀ ਕੋਸ਼ਿਸ਼ ਕਰਲੈ
ਹਵਾ ਚ ਦੀਵਾ ਬਾਲ ਨਹੀਂ ਹੁੰਦਾ

ਹੋਰ ਭਾਵੇਂ ਜੋ ਮਰਜ਼ੀ ਕਹਿਲੈ
ਰੱਬ ਦੇ ਉੱਤੇ ਸਵਾਲ ਨਹੀਂ ਹੁੰਦਾ

ਮੈਂ ਕਿਹਾ ਮੇਰੀ ਗਲਤੀ ਤੇ ਦੱਸ
ਕਹਿੰਦਾ, "ਇਸ਼ਕ ਹਲਾਲ ਨਹੀਂ ਹੁੰਦਾ"

# ਪਾਣੀ

ਅੰਮ੍ਰਿਤ ਵਰਗਾ ਲਹਿਰ ਦਾ ਪਾਣੀ
ਖੇਤਾਂ ਵਿੱਚ ਜੋ ਠਹਿਰ ਦਾ ਪਾਣੀ

ਕਈ ਲੋਕਾਂ ਨੂੰ ਜ਼ਿੰਦਗੀ ਦਿੰਦਾ
ਮੇਰੇ ਪਿੰਡ ਦੀ ਨਹਿਰ ਦਾ ਪਾਣੀ

ਕਿੱਧਰੇ ਜੀਵਨ ਬਖ਼ਸ਼ੇ ਕਿੱਧਰੇ
ਰੂਪ ਲੈ ਲੈਂਦਾ ਜ਼ਹਿਰ ਦਾ ਪਾਣੀ

ਮੇਰੇ ਹੱਥ ਦਾ ਕਿੱਥੋਂ ਪੀਵੇਂ
ਤੂੰ ਤੇ ਪੀਂਦੀ ਗ਼ੈਰ ਦਾ ਪਾਣੀ

ਅੱਖ ਮੇਰੀ ਚੋਂ ਪਿਆ ਹੈ ਵਗਦਾ
ਦੇਖਲੈ ਅੱਜ ਦੁਪਹਿਰ ਦਾ ਪਾਣੀ

ਸੱਚੀਂ ਮੈਨੂੰ ਰਾਸ ਨੀ ਆਇਆ
ਕੁੜੀਏ ਤੇਰੇ ਸ਼ਹਿਰ ਦਾ ਪਾਣੀ

# ਗੱਲ ਨਾ ਕਰ

ਪਾਕ ਇਸ਼ਕ ਦੀ ਗੱਲ ਨਾ ਕਰ ਤੂੰ
ਉਂਗਲ਼ ਮੇਰੇ ਵੱਲ ਨਾ ਕਰ ਤੂੰ

ਚਿਹਰੇ ਪੜ੍ਹਨੇ ਸਿੱਖ ਗਈ ਹਾਂ
ਹੁਣ ਮੇਰੇ ਨਾਲ ਛੱਲ ਨਾ ਕਰ ਤੂੰ

ਵਾਹ ਵਾਸਤੇ ਬਾਅਦ 'ਚ ਪਾਵੀਂ
ਮੈਨੂੰ ਤੰਗ ਇਸ ਪੱਲ ਨਾ ਕਰ ਤੂੰ

ਮੁਕਤ ਮੈਨੂੰ ਕਰ ਇਸ ਬੰਧਨ ਤੋਂ
ਹੁਣ ਬਾਹਲ਼ੀ ਕੱਲ੍ਹ ਕੱਲ੍ਹ ਨਾ ਕਰ ਤੂੰ

ਏਸ ਜਨਮ ਵਿੱਚ ਤੋੜ ਦੇ ਰਿਸ਼ਤਾ
ਸੱਤ ਜਨਮਾਂ ਦੀ ਗੱਲ ਨਾ ਕਰ ਤੂੰ

# ਇਸ਼ਕ ਦੇ ਮਸਲੇ

ਤਰਸ ਕਿਉਂ ਨਹੀਂ ਕਰਦੀ ਮੇਰਿਆਂ ਹਾਲਾਂ ਤੇ
ਖਿਝ ਖਿਝ ਕਾਹਤੋਂ ਜਾਵੇਂ ਮੇਰੇ ਸਵਾਲਾਂ ਤੇ

ਮੇਰੇ ਕੰਮਾਂ ਨੂੰ ਤਾਂ ਰੋਕ ਤੂੰ ਸਕਦੀ ਐ
ਬੰਦਿਸ਼ ਨਹੀਂ ਲਾ ਸਕਦੀ ਮੇਰੇ ਖ਼ਿਆਲਾਂ ਤੇ

ਮੈਨੂੰ ਲੱਗਦਾ ਰਕਤ ਮੇਰੇ ਨਾਲ ਕੱਢੇ ਨੇ
ਲਾਲ ਸੁਰਖ਼ ਫੁੱਲ ਬਣੇ ਜੋ ਤੇਰਿਆਂ ਸ਼ਾਲਾਂ ਤੇ

ਰਾਜਨੀਤੀ ਤੇਰੇ ਤੋਂ ਸਿੱਖਣੀ ਬਣਦੀ ਹੈ
ਸ਼ਤਰੰਜ ਵੀ ਹੱਥ ਜੋੜੇ ਤੇਰੀਆਂ ਚਾਲਾਂ ਤੇ

ਬੜੀ ਜ਼ਰੂਰੀ ਹੁੰਦੀ ਹੈ ਮੁਲਾਕਾਤ ਯਾਰਾ
ਇਸ਼ਕ ਦੇ ਮਸਲੇ ਸੁਲਝਦੇ ਨਹੀਂਓ ਕਾਲਾਂ ਤੇ

# ਤਲਾਸ਼

ਖੁਸ਼ਬੂ ਲਈ ਗੁਲਜ਼ਾਰ ਤਲਾਸ਼ਣ ਤੁਰਿਆ ਸੀ
ਸੁੱਖ ਦੇ ਲਮਹੇ ਚਾਰ ਤਲਾਸ਼ਣ ਤੁਰਿਆ ਸੀ

ਰੂਹ ਨੂੰ ਛੱਲੀ ਕਰ ਛੱਡਿਆ ਹੈ ਮਹਿਰਮ ਨੇ
ਮੈਂ ਤਾਂ ਰੂਹ ਦਾ ਯਾਰ ਤਲਾਸ਼ਣ ਤੁਰਿਆ ਸੀ

ਮੇਰੇ ਹਿੱਸੇ ਧੋਖਾ ਆਇਆ ਹਰ ਵਾਰੀ
ਉਂਝ ਘਰ ਤੋਂ ਇਤਬਾਰ ਤਲਾਸ਼ਣ ਤੁਰਿਆ ਸੀ

ਗਲ਼ ਵਿੱਚ ਪਾ ਕੇ ਤੁਰ ਗਿਆ ਰੱਸਾ ਬਿਰਹੋਂ ਦਾ
ਜਿਸ ਦੇ ਗਲ਼ ਲਈ ਹਾਰ ਤਲਾਸ਼ਣ ਤੁਰਿਆ ਸੀ

ਸਾਰੀ ਜ਼ਿੰਦਗੀ ਭਟਕਣ ਦੇ ਵਿੱਚ ਲੰਘ ਚੱਲੀ
ਪਾਗ਼ਲ ਸੀ ਮੈਂ ਪਿਆਰ ਤਲਾਸ਼ਣ ਤੁਰਿਆ ਸੀ

# ਇੱਕ ਵਾਅਦਾ

ਸਭ ਤੋਂ ਪਹਿਲਾਂ ਨੇੜੇ ਆਣ ਖਲੋਵਾਂਗੀ
ਹੁਣ ਨਹੀਂ ਕੋਲ਼ੇ, ਪਰ ਉਸ ਵੇਲੇ ਹੋਵਾਂਗੀ

ਹਾਲੇ ਮੇਰਾ ਮਨ ਨਹੀਂ ਕਰਦਾ ਲਿਖਣੇ ਦਾ
ਬਾਅਦ 'ਚ ਯਾਦਾਂ ਲਿਖਤਾਂ ਵਿੱਚ ਪਰੋਵਾਂਗੀ

ਤੇਰੀ ਰੂਹ ਤੱਕ ਪੱਕਾ ਠੰਡਕ ਪਹੁੰਚੇਗੀ
ਜਦ ਅਸ਼ਕਾਂ ਨਾਲ਼ ਤੇਰਾ ਘਰ ਮੈਂ ਧੋਵਾਂਗੀ

ਕਹਿੰਦੀ ਕੀ ਹੋਇਆ ਜੇ ਹੁਣ ਅੱਖ ਭਰਦੀ ਨਹੀਂ
ਤੇਰੇ ਮਰਨ ਦੇ ਉੱਤੇ ਪੱਕਾ ਰੋਵਾਂਗੀ

# ਸ਼ਿਵ ਦੀ ਕਵਿਤਾ

ਫਿਰ ਤੋਂ ਨੇਤਰ ਚੋਣ ਲੱਗੇ ਨੇ
ਅਚਨਚੇਤ ਹੀ ਰੋਣ ਲੱਗੇ ਨੇ

ਪੀੜ੍ਹਾਂ ਦੀ ਦਰਗਾਹ ਵਿੱਚ ਬੈਠੇ
ਪੀੜ੍ਹਾਂ ਵਾਂਗਰ ਹੋਣ ਲੱਗੇ ਨੇ

ਮਹਿਰਮ ਨੇ ਨਾ ਖੋਲੀਆਂ ਬਾਹਾਂ
ਗ਼ਮ ਗਲਵੱਕੜੀ ਪਾਉਣ ਲੱਗੇ ਨੇ

ਹਉਕੇ ਹੰਝੂ ਦਰਦ ਮੇਰੇ ਤੇ
ਆਪਣਾ ਹੱਕ ਜਤਾਉਣ ਲੱਗੇ ਨੇ

ਕਿਸਮਤ ਦੀ ਤਲੀਆਂ ਦੇ ਉੱਤੇ
"ਮਿਰਚਾਂ ਦੇ ਪੱਤਰ" ਲਾਉਣ ਲੱਗੇ ਨੇ

ਖੋਲ੍ਹ ਸਮੁੱਚੀ ਕਵਿਤਾ ਸ਼ਿਵ ਦੀ
ਬਿਰਹਾ ਬਿਰਹਾ ਗਾਉਣ ਲੱਗੇ ਨੇ

# ਗੁਨਾਹ ਲੱਗਦਾ ਹੈ

ਖਿੜਨੋਂ ਪਹਿਲਾਂ ਕਹਿਰ ਢਾਹ ਦਿੰਦੇ
ਪੱਥਰ ਕਲੀਆਂ ਕੱਚੀਆਂ ਉੱਤੇ
ਬਣ ਰਾਕਸ਼ ਇਹ ਟੁੱਟ ਪੈਂਦੇ ਨੇ
ਕਾਮ ਚ ਗਰਕੇ ਬੱਚੀਆਂ ਉੱਤੇ

ਏਸ ਸ਼ਹਿਰ ਦੀਆਂ ਗਲੀਆਂ ਦੇ ਵਿੱਚ
ਔਖਾ ਲੈਣਾ ਸਾਹ ਲੱਗਦਾ ਹੈ
ਹੁਣ ਤੇ ਮੈਨੂੰ ਆਪਣੇ ਆਪ ਨੂੰ
ਔਰਤ ਹੋਣਾ ਗੁਨਾਹ ਲੱਗਦਾ ਹੈ

ਜਬਰ ਜਨਾਹ ਦੀਆਂ ਲੱਗੀਆਂ ਲੜੀਆਂ
ਰਹਿੰਦੀਆਂ ਨੇ ਅਖ਼ਬਾਰਾਂ ਭਰੀਆਂ
ਕੁੱਤੀ ਹੈ ਸਰਕਾਰ ਵੀ ਜੀਹਨੇ
ਗੁਨਾਹਗਾਰਾਂ ਦੀਆਂ ਬਾਹਾਂ ਫੜ੍ਹੀਆਂ

ਸੀ ਜਿੱਥੋਂ ਮੈਂ ਰੋਜ਼ ਗੁਜ਼ਰਦੀ
ਹੋਰ ਡਰਾਉਣਾ ਰਾਹ ਲੱਗਦਾ ਹੈ
ਹੁਣ ਤੇ ਮੈਨੂੰ ਆਪਣੇ ਆਪ ਨੂੰ
ਔਰਤ ਹੋਣਾ ਗੁਨਾਹ ਲੱਗਦਾ ਹੈ

# ਇੰਝ ਨਾ ਕਰ

ਨਾ ਪੀੜ੍ਹਾਂ ਲੜ ਮੈਨੂੰ ਲਾ ਵੇ
ਇੰਝ ਨਾ ਕਰ
ਹੁਣ ਨਾ ਮੈਨੂੰ ਹੋਰ ਸਤਾ ਵੇ
ਇੰਝ ਨਾ ਕਰ

ਸਹਿ ਨਹੀਂ ਹੁੰਦਾ ਹੋਰ ਮੇਰੇ ਤੋਂ
ਇੰਝ ਨਾ ਕਰ
ਦਿਲ ਮੇਰੇ ਦਾ ਮਾਸ ਨਾ ਖਾ ਵੇ
ਇੰਝ ਨਾ ਕਰ

ਸ਼ਿਕਵੇ ਅਤੇ ਸ਼ਿਕਾਇਤਾਂ ਛੱਡ ਹੁਣ
ਇੰਝ ਨਾ ਕਰ
ਇਸ਼ਕ ਦੀ ਕੋਈ ਗੱਲ ਸੁਣਾ ਵੇ
ਇੰਝ ਨਾ ਕਰ

ਬਾਕੀ ਹੈ ਪਲ ਦੋ ਪਲ ਜ਼ਿੰਦਗੀ
ਇੰਝ ਨਾ ਕਰ
ਮਰਦੇ ਮੂੰਹ ਵਿੱਚ ਪਾਣੀ ਪਾ ਵੇ
ਇੰਝ ਨਾ ਕਰ

# ਖੁੱਲੀ ਕਵਿਤਾ

ਦਰਦਾਂ ਹੱਥੋਂ ਵਿਕਣਾ ਚਾਹੁੰਦਾ, ਸ਼ਾਇਰਾਂ ਵਾਂਗਰ ਦਿਖਣਾ ਚਾਹੁੰਦਾ
ਖੁੱਲੇ ਜਿਹੇ ਵਿਚਾਰਾਂ ਵਾਲੀ, ਖੁੱਲੀ ਕਵਿਤਾ ਲਿਖਣਾ ਚਾਹੁੰਦਾ

# ਮੁਲਾਕਾਤ

ਅੱਜ ਸਾਲਾਂ ਬਾਅਦ ਵਾਪਸ ਆਇਆ ਉਹ
ਮੈਨੂੰ ਮਿਲਿਆ ਤੇ ਪੁੱਛਿਆ
ਠੀਕ ਐ ਤੂੰ..?
ਮੈਂ ਜਵਾਬ ਦਿੱਤਾ, "ਹਾਂ ਠੀਕ ਹਾਂ ਮੈਂ"
ਠੀਕ ਹਾਂ ਮੈਂ ਅੱਜ
ਠੀਕ ਹਾਂ ਮੈਂ ਇਸ ਪਲ

ਪਰ ਇਸਤੋਂ ਪਹਿਲਾਂ....!
ਇਸਤੋਂ ਪਹਿਲਾਂ ਮੈਂ ਠੀਕ ਨਹੀਂ ਸੀ
ਪਤਾ ਨਹੀਂ ਕਿੰਨੀਆਂ ਹੀ ਰਾਤਾਂ
ਮੈਂ ਡਿਪਰੈੱਸ਼ਨ ਦੀ ਅੰਧੇਰੀ ਖਾਈ ਵਿੱਚ ਇਕੱਲਿਆਂ ਕੱਟੀਆਂ ਨੇ
ਜਿੱਥੇ ਨਾ ਹੀ ਕੋਈ ਮੇਰਾ ਸਹਾਰਾ ਸੀ ਤੇ ਨਾ ਹੀ ਕੋਈ ਉਮੀਦ

ਮੇਰੇ ਕੰਬਦੇ ਹੋਏ ਹੱਥਾਂ ਵਿੱਚੋਂ ਪਤਾ ਨਹੀਂ ਕਿੰਨੀ ਵਾਰ
ਮੇਰੇ ਮੂੰਹ ਚ ਪੈਂਦੀ ਹੋਈ ਬੁਰਕੀ ਥੱਲੇ ਡਿੱਗੀ ਹੈ
ਪਤਾ ਨਹੀਂ ਕਿੰਨੇ ਹੀ ਪਾਣੀ ਨਾਲ ਭਰੇ ਕੱਚ ਦੇ ਗਿਲਾਸ
ਮੇਰੇ ਬੁੱਲਾਂ ਨੂੰ ਛੂਹਣ ਤੋਂ ਪਹਿਲਾਂ ਹੀ ਧਰਤੀ ਤੇ ਡਿੱਗ ਕੇ ਟੁੱਟ ਗਏ
ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਮੈਂ ਟੁੱਟੀ ਸਾਂ ਤੇਰੇ ਜਾਣ ਤੋਂ ਬਾਅਦ

ਪਰ ਅੱਜ ਮੈਨੂੰ ਕੁਝ ਠੀਕ ਲੱਗ ਰਿਹਾ ਹੈ
ਕਿਉਂਕਿ ਤੂੰ ਮੇਰਾ ਹਾਲ ਦੇਖਣ ਲਈ ਵਾਪਿਸ ਆਇਆ ਐ

ਹਾਂ ਅੱਜ ਮੈਂ ਠੀਕ ਹਾਂ , ਥੋੜੀ ਬਹੁਤ ਖੁਸ਼ ਵੀ ਹਾਂ
ਪਰ ਇਹ ਖ਼ੁਸ਼ੀ ਸਿਰਫ਼ ਪਲ ਦੋ ਪਲ ਦੀ ਹੈ
ਤੇਰੇ ਜਾਣ ਤੋਂ ਬਾਅਦ ਇਹ ਵੀ ਮੁੱਕ ਜਾਊਗੀ
ਤੇ ਜਿੰਨਾ ਮੈਂ ਪਹਿਲਾਂ ਟੁੱਟੀ ਸੀ ਨਾ, ਹੁਣ ਉਸਤੋਂ ਵੀ ਵੱਧ ਟੁੱਟ ਜਾਊਂਗੀ

# ਸਾਡਾ ਰਿਸ਼ਤਾ

ਬੜਾ ਖ਼ਾਸ ਹੈ ਤੇਰਾ ਤੇ ਮੇਰਾ ਰਿਸ਼ਤਾ
ਬੜਾ ਪਿਆਰਾ ਜਿਹਾ ਤੇ ਬੜਾ ਖ਼ੂਬਸੂਰਤ ਵੀ
ਅਜੇ ਸਾਨੂੰ ਮਿਲਿਆਂ ਨੂੰ ਮਸਾਂ ਇੱਕ ਸਾਲ ਹੀ ਹੋਇਆ ਹੈ
ਪਰ ਇੱਕ ਸਾਲ ਦੇ ਵਿੱਚ ਹੀ ਆਪਾਂ ਇੰਨੇ ਕਰੀਬ ਆ ਗਏ ਆ
ਜਿਵੇਂ ਇੱਕ ਦੂਸਰੇ ਨੂੰ ਜਨਮਾਂ ਤੋਂ ਜਾਣਦੇ ਹੋਈਏ
ਕਦੇ ਇੰਝ ਲੱਗਿਆ ਹੀ ਨਹੀਂ ਕਿ ਅਸੀਂ ਇੱਕ ਦੂਜੇ ਨੂੰ ਹੁਣੇ ਹੁਣੇ ਜਾਨਣ ਲੱਗੇ ਹਾਂ

ਇਸ ਇੱਕ ਸਾਲ ਵਿੱਚ ਮੇਰਾ ਤੇਰੇ ਨਾਲ ਬਿਤਾਇਆ ਹਰ ਇੱਕ ਦਿਨ, ਹਰ ਇੱਕ ਪਲ
ਹਰ ਇੱਕ ਲਮਹਾ ਮੈਨੂੰ ਅਜ਼ੀਜ਼ ਹੈ
ਅਜ਼ੀਜ਼ ਹੈ ਤੇਰੇ ਨਾਲ ਕੀਤੀ ਹਰ ਇੱਕ ਮੁਲਾਕਾਤ
ਅਜ਼ੀਜ਼ ਹੈ ਤੇਰੇ ਵੱਲੋਂ ਮੇਰੇ ਲਈ ਲਿਖਿਆ ਹਰ ਇੱਕ ਹਰਫ਼
ਹਰ ਇੱਕ ਸਤਰ ਤੇ ਹਰ ਇੱਕ ਨਜ਼ਮ

ਸੱਚੀਂ ! ਮੈਂ ਸ਼ੁਕਰਗੁਜ਼ਾਰ ਹਾਂ ਤੇਰਾ
ਕਿਉਂਕਿ ਜਦ ਜਦ ਵੀ ਮੈਨੂੰ ਤੇਰੀ ਜ਼ਰੂਰਤ ਸੀ
ਤੂੰ ਹਰ ਵਾਰ ਮੇਰਾ ਸਾਥ ਦਿੱਤਾ ਹੈ
ਜਦ ਜਦ ਵੀ ਮੈਂ ਤਿੜਕਣ ਵਾਲਾ ਸੀ
ਉਦੋਂ ਹੀ ਤੂੰ ਮੈਨੂੰ ਆਪਣੀਆਂ ਬਾਹਾਂ ਵਿੱਚ ਭਰ ਕੇ ਸੰਭਾਲ਼ ਲਿਆ

ਕਦੇ ਕਦੇ ਮੈਨੂੰ ਲੱਗਦਾ ਹੈ ਕਿ ਮੈਂ ਕਿੰਨੇ ਭਾਗਾਂ ਵਾਲਾ ਹਾਂ
ਜੋ ਤੇਰੇ ਵਰਗਾ ਪਿਆਰਾ ਇਨਸਾਨ ਮੈਨੂੰ ਮੁਹੱਬਤ ਕਰਦਾ ਹੈ

ਖ਼ੈਰ ! ਖ਼ੈਰ !
ਅੰਤ ਵਿੱਚ ਇੱਕ ਛੋਟਾ ਜਿਹਾ ਸ਼ੇਅਰ ਤੇਰੇ ਲਈ
ਅਰਜ਼ ਕਿਆ ਹੈ ਕਿ,

"ਯਾਰ ਮੇਰਾ ਮਹਿਬੂਬ ਹੈ ਤੂੰ
ਬਾਕਮਾਲ ਤੇ ਖ਼ੂਬ ਹੈ ਤੂੰ
ਦਿਲ ਮੇਰਾ ਜੋ ਮੋਹ ਲੈਂਦਾ ਹੈ
ਹਾਂ ਉਹੀ ਮਰਗੂਬ ਹੈ ਤੂੰ"

# ਮੁਹੱਬਤ ਤਾਂ ਮੁਹੱਬਤ ਹੁੰਦੀ ਹੈ

ਮੁਹੱਬਤ ਤਾਂ ਮੁਹੱਬਤ ਹੁੰਦੀ ਹੈ ਨਾ
ਚਾਹੇ ਪਹਿਲੀ ਹੋਵੇ ਜਾਂ ਆਖ਼ਰੀ
ਤੈਨੂੰ ਪਤੈ !
ਮੈਨੂੰ ਕਈ ਵਾਰੀ ਉਹਨਾਂ ਲੋਕਾਂ ਦੀਆਂ ਗੱਲਾਂ ਝੂਠੀਆਂ ਜਿਹੀਆਂ ਜਾਪਦੀਆਂ ਨੇ
ਜੋ ਕਹਿੰਦੇ ਨੇ ਮੁਹੱਬਤ ਤਾਂ ਜ਼ਿੰਦਗੀ ਵਿੱਚ ਬਸ ਇੱਕ ਵਾਰ ਹੀ ਹੁੰਦੀ ਐ
ਇੱਕ ਵਾਰ ਹੀ ਚਾਹਿਆ ਜਾਂਦਾ ਐ ਕਿਸੇ ਨੂੰ
ਪਿਆਰ ਬਸ ਇੱਕ ਵਾਰ ਹੀ ਹੁੰਦਾ ਐ
ਪਹਿਲੀ ਮੁਹੱਬਤ ਵਰਗਾ ਪਿਆਰ ਦੋਬਾਰਾ ਨਹੀਂ ਹੋ ਸਕਦਾ

ਪਰ ਮੈਨੂੰ ਇਹ ਗੱਲਾਂ ਝੂਠੀਆਂ ਜਿਹੀਆਂ ਜਾਪਦੀਆਂ ਨੇ
ਕਿਉਂਕਿ ਮੈਂ ਦੇਖਿਆ ਹੈ ਆਪਣੇ ਇੱਕ ਪਾਗ਼ਲ ਜਿਹੇ ਦੋਸਤ ਨੂੰ
ਜਿਸਨੇ ਦੂਜੀ ਵਾਰ ਵੀ ਓਨੀ ਹੀ ਸ਼ਿੱਦਤ ਨਾਲ ਮੁਹੱਬਤ ਕੀਤੀ
ਜਿੰਨੀ ਸ਼ਿੱਦਤ ਨਾਲ ਪਹਿਲੀ ਵਾਰ ਕੀਤੀ ਸੀ

ਇੱਕ ਵਾਰ ਤਾਂ ਉਹਨੇ ਮੈਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ
ਕਿ ਕੋਈ ਕਿਵੇਂ ਚਾਹ ਲੈਂਦਾ ਹੈ ਕਿਸੇ ਨੂੰ ਖ਼ੁਦ ਤੋਂ ਵੱਧਕੇ
ਕਿਵੇਂ ਕੋਈ ਕਿਸੇ ਇਨਸਾਨ ਦੇ ਸਾਰੇ ਐਬਾਂ ਸਾਰੀਆਂ ਗਲਤੀਆਂ ਨੂੰ
ਨਜ਼ਰਅੰਦਾਜ਼ ਕਰਕੇ ਉਸਨੂੰ ਸਵੀਕਾਰ ਕਰ ਸਕਦਾ ਹੈ
ਕਿਵੇਂ ਕੋਈ ਕਿਸੇ ਦੇ ਬੀਤ ਚੁੱਕੇ ਕੱਲ੍ਹ ਵਿੱਚ ਪਏ
ਨਾ ਮਾਫ਼ ਕਰਨ ਯੋਗ ਰਾਜ਼ਾਂ ਨੂੰ ਪਾਸੇ ਰੱਖ ਕੇ ਉਸਨੂੰ ਅਪਣਾ ਸਕਦਾ ਹੈ

ਹਾਂ ਪਹਿਲਾਂ ਮੈਨੂੰ ਵੀ ਇਹੀ ਲੱਗਦਾ ਸੀ
ਕਿ ਮੁਹੱਬਤ ਬਸ ਇੱਕ ਵਾਰ ਹੁੰਦੀ ਹੈ
ਪਰ ਉਸਨੂੰ ਦੇਖ ਕੇ ਮੇਰੀ ਇਹ ਧਾਰਨਾ ਬਦਲ ਗਈ
ਹੁਣ ਤੁਸੀਂ ਦੱਸੋ ਕਿ ਮੈਂ ਕਿਵੇਂ ਕਹਿ ਦਿਆਂ
ਕਿ ਮੁਹੱਬਤ ਤਾਂ ਸਿਰਫ਼ ਇੱਕ ਵਾਰ ਹੁੰਦੀ ਹੈ

# ਬਹੁਤ ਸੋਹਣਾ ਲਿਖਦੀ ਏ ਤੂੰ

ਬਹੁਤ ਸੋਹਣਾ ਲਿਖਦੀ ਏ ਤੂੰ, ਸੋਹਣੇ ਤੋਂ ਵੀ ਸੋਹਣਾ
ਇੰਨਾ ਸੋਹਣਾ ਕਿ ਮੈਂ ਸ਼ਬਦਾਂ ਚ ਬਿਆਨ ਨਹੀਂ ਕਰ ਸਕਦਾ
ਕਈ ਵਾਰੀ ਤੇਰੀ ਸ਼ਾਇਰੀ ਪੜਕੇ ਮੈਂ ਸੋਚਦਾ ਹਾਂ
ਕਿ ਕੋਈ ਇੰਨਾ ਸੋਹਣਾ ਕਿਵੇਂ ਲਿਖ ਸਕਦੈ !

ਆਪਣੀ ਉਮਰ ਨਾਲੋਂ ਵੱਧ ਸਿਆਣੀਆਂ ਗੱਲਾਂ ਲਿਖਦੀ ਏ ਤੂੰ
ਤੇਰੀ ਸ਼ਾਇਰੀ ਸੁਣ ਕੇ ਅੱਖਾਂ ਮੂਹਰੇ ਤਸਵੀਰਾਂ ਘੁੰਮਣ ਲੱਗਦੀਆਂ ਨੇ
ਜਿਵੇਂ ਸਭ ਕੁਝ ਹੁਣੇ ਹੋ ਰਿਹਾ ਹੋਵੇ ਮੇਰੇ ਸਾਹਮਣੇ ਹੀ
ਹਰ ਵਾਰੀ ਕੁਝ ਨਵਾਂ ਲਿਖਦੀ ਏ ਤੂੰ ਤੇ ਵਧੀਆ ਵੀ

ਉੱਪਰੋਂ ਤੇਰੀ ਮਾਸੂਮੀਅਤ ਤੇ ਇਹ ਭੋਲੀਆਂ ਜਿਹੀਆਂ ਗੱਲਾਂ ਦੇ ਤਾਂ ਕਿਆ ਹੀ ਕਹਿਣੇ
ਜਦ ਤੂੰ ਬੋਲਦੀ ਏ ਤਾਂ ਇੰਝ ਲੱਗਦਾ ਜਿਵੇਂ ਸਾਰੀ ਕਾਇਨਾਤ ਰੁਕ ਗਈ ਹੋਵੇ
ਸਿਰਫ਼ ਤੇ ਸਿਰਫ਼ ਤੈਨੂੰ ਸੁਣਨ ਲਈ

ਤੈਨੂੰ ਕੁਦਰਤ ਨਾਲ ਕਿੰਨੀ ਮੁਹੱਬਤ ਏ ਤੇਰੀਆਂ ਲਿਖ਼ਤਾਂ ਚ ਸਾਫ਼ ਝਲਕਦਾ ਏ
ਹਾਂ! ਮੈਨੂੰ ਥੋੜੀ ਹੈਰਾਨੀ ਜ਼ਰੂਰ ਹੋਈ ਸੀ, ਜਦ ਤੂੰ ਪਹਿਲੀ ਵਾਰੀ ਮੈਨੂੰ ਕਿਹਾ ਸੀ ਕਿ
ਤੇਰਾ ਰੁੱਖਾਂ ਨਾਲ ਮੋਹ ਜਿਹਾ ਪੈ ਜਾਂਦੈ
ਤੇ ਤਾਰਿਆਂ ਨਾਲ ਤੇਰਾ ਕੋਈ ਰਿਸ਼ਤਾ ਏ
ਪਰ ਤੇਰੇ ਨਾਲ ਗੱਲਾਂ ਕਰਕੇ ਤੇ ਤੇਰੇ ਨਾਲ ਰਹਿ ਕੇ ਪਤਾ ਲੱਗਾ
ਇਹ ਸਿਰਫ਼ ਕਹਿਣ ਦੀਆਂ ਗੱਲਾਂ ਨਹੀਂ ਆ ਤੇਰੇ ਲਈ

ਸੱਚਮੁੱਚ ਹੀ ਫ਼ਿਕਰ ਏ ਤੈਨੂੰ ਇਹਨਾਂ ਰੁੱਖਾਂ ਪੰਛੀਆਂ
ਤੇ ਕੁਦਰਤ ਨਾਲ ਜੁੜੀ ਹਰ ਚੀਜ਼ ਦੀ
ਅਤੇ ਇਹ ਵੀ ਤੇਰੀ ਓਨੀ ਹੀ ਫ਼ਿਕਰ ਕਰਦੇ ਆ
ਜਿੰਨੀ ਤੂੰ ਇਹਨਾਂ ਦੀ ਕਰਦੀ ਏ
ਮੈਂ ਮਹਿਸੂਸ ਕੀਤਾ ਏ!
ਤੇਰੇ ਕੋਲੋਂ ਕਿਸੇ ਦਾ ਦੁੱਖ ਨਹੀਂ ਵੇਖਿਆ ਜਾਂਦਾ
ਕਿਸੇ ਨੂੰ ਮੁਸ਼ਕਿਲ ਵਿੱਚ ਦੇਖ ਕੇ ਤੇਰੀਆਂ ਅੱਖਾਂ ਭਰ ਆਉਂਦੀਆਂ ਨੇ
ਤੇ ਤੇਰੀ ਇਹੀ ਗੱਲ ਤੈਨੂੰ ਬਾਕੀਆਂ ਤੋਂ ਵੱਖ ਕਰਦੀ ਆ
ਤੂੰ ਅਕਸਰ ਕਹਿੰਦੀ ਏ ਕਿ ਤੂੰ ਅਜ਼ੀਬ ਏ
ਪਰ ਮੈਨੂੰ ਇੰਝ ਨਹੀਂ ਲੱਗਦਾ, ਤੂੰ ਬਸ ਥੋੜੀ ਜਿਹੀ ਅਲੱਗ ਐ ਸਭ ਤੋਂ
ਅਜ਼ੀਬ ਦਾ ਤਾਂ ਨਹੀਂ ਪਤਾ ਪਰ ਹਾਂ ਖ਼ਾਸ ਜ਼ਰੂਰ ਏ ਤੂੰ
ਬਹੁਤ ਖ਼ਾਸ !

# ਖਵਾਇਸ਼ਾਂ

ਤੈਨੂੰ ਪਤਾ !
ਕਦੇ ਕਦੇ ਮਨ ਕਰਦਾ ਹੈ ਕਿ ਤੈਨੂੰ ਆਪਣੀਆਂ ਬਾਹਾਂ ਵਿੱਚ ਭਰਾਂ ਤੇ
ਤੇਰੇ ਸੋਹਣੇ ਚਿਹਰੇ ਨੂੰ ਨਿਹਾਰੀ ਜਾਵਾਂ
ਘੰਟਿਆਂ ਬੱਧੀ ਬਸ ਵੇਖਦਾ ਰਹਾਂ ਤੈਨੂੰ
ਤੇਰੇ ਵਾਲ਼ਾਂ ਵਿੱਚ ਆਪਣਾ ਹੱਥ ਫੇਰ ਕੇ ਤੇਰਾ ਮੱਥਾ ਚੁੰਮਾਂ
ਤੇ ਤੈਨੂੰ ਵੇਖਾਂ ਬੇਫ਼ਿਕਰੀ ਨਾਲ ਮੇਰੀਆਂ ਬਾਹਾਂ ਵਿੱਚ ਸੁੱਤੀ ਹੋਈ ਨੂੰ

ਮੈਨੂੰ ਪਤਾ ਹੈ ਕੁਝ ਸਮਾਂ ਲੱਗਣਾ ਅਜੇ ਸਾਨੂੰ ਇਕੱਠੇ ਹੋਣ ਲਈ
ਅਜੇ ਸਾਡੇ ਵਿੱਚ ਦੀਵਾਰਾਂ ਨੇ ਸਮਾਜ ਦੀਆਂ
ਪਰ ਬਸ ਥੋੜ੍ਹਾ ਜਿਹਾ ਸਬਰ ਹੋਰ
ਤੇ ਫਿਰ ਆਪਾਂ ਇਕੱਠੇ ਹੋਵਾਂਗੇ

ਆਪਣੇ ਖ਼ਵਾਬਾਂ ਨੂੰ ਹਕੀਕਤ ਦਾ ਰੂਪ ਦੇਵਾਂਗੇ
ਓਹ ਸਾਰੀਆਂ ਖਵਾਹਿਸ਼ਾਂ ਨੂੰ ਰਲ਼ ਕੇ ਪੂਰੀਆਂ ਕਰਾਗੇਂ

# ਇੱਕ ਤਰਫ਼ਾ ਮੁਹੱਬਤ

ਓਹਨੂੰ ਤੇ ਸ਼ਾਇਦ ਪਤਾ ਵੀ ਨਹੀਂ
ਕਿ ਕਿੰਨਾ ਪਿਆਰ ਕਰਦੀ ਆ ਮੈਂ ਓਹਨੂੰ
ਤੇ ਮੈਨੂੰ ਲੱਗਦਾ ਮੇਰੇ ਕੋਲੋਂ ਕਦੇ ਦੱਸ ਵੀ ਨਹੀਂ ਹੋਣਾ
ਬਸ ਮੈਂ ਦੂਰੋਂ ਖੜੀ ਹੋ ਕੇ ਦੇਖਦੀ ਰਹਿੰਦੀ ਆ ਉਸਨੂੰ
ਤੇ ਮੇਰਾ ਭੋਰਾ ਮਨ ਨਹੀਂ ਕਰਦਾ
ਓਹਦੇ ਚੰਨ ਜਿਹੇ ਚਿਹਰੇ ਤੋਂ ਨਜ਼ਰਾਂ ਹਟਾਉਣ ਲਈ

ਉਂਝ ਤਾਂ ਬਹੁਤ ਬੋਲਦੀ ਆ ਮੈਂ
ਪਰ ਓਹਦੇ ਸਾਹਮਣੇ ਆਵਾਜ਼ ਨਹੀਂ ਨਿਕਲਦੀ ਮੇਰੀ
ਬਹੁਤ ਵਾਰ ਸੋਚਦੀ ਆ ਕਿ ਕਰ ਦੇਵਾਂ ਇਜ਼ਹਾਰ ਏ ਮੁਹੱਬਤ
ਪਰ ਮੇਰੇ ਵਿੱਚ ਤੇ ਇੰਨੀ ਹਿੰਮਤ ਹੀ ਨਹੀਂ
ਕਿ ਓਹਦੇ ਮੂਹਰੇ ਕੁਝ ਬੋਲ ਸਕਾਂ

ਬਸ ਕੱਲੀ ਬਹਿ ਕੇ ਓਹਦੇ ਲਿਖੇ ਗੀਤ ਸੁਣਦੀ ਆ ਮੈਂ
ਤੇ ਕਦੇ ਕਦੇ ਸ਼ਾਇਰੀ ਵੀ
ਫਿਰ ਮੈਂ ਆਪਣੇ ਹੀ ਦਿਲ ਦੇ ਵਲਵਲਿਆਂ ਵਿੱਚ ਖੋ ਜਾਂਦੀ ਆ
ਤੇ ਓਹਦੇ ਲਿਖੇ ਗੀਤ ਗੁਣਗੁਣਾਉਣ ਲੱਗਦੀ ਆ

ਸਭ ਨੂੰ ਪਤਾ ਏ ਮੇਰੀ ਇਸ ਇੱਕ ਤਰਫ਼ਾ ਮੁਹੱਬਤ ਬਾਰੇ
ਪਰ ਓਹਨੂੰ ?

ਓਹਨੂੰ ਤੇ ਕੁਝ ਨਹੀਂ ਪਤਾ
ਕੁਝ ਵੀ ਨਹੀਂ
ਇੱਥੋਂ ਤੱਕ ਕਿ ਮੇਰਾ ਨਾਮ ਵੀ ਨਹੀਂ

# ਮੁਹੱਬਤ ਕਦੇ ਖ਼ਤਮ ਨਹੀਂ ਹੁੰਦੀ

ਤੈਨੂੰ ਪਤਾ!
ਮੁਹੱਬਤ ਕਦੇ ਖ਼ਤਮ ਨਹੀਂ ਹੁੰਦੀ
ਮਰਨ ਤੋਂ ਬਾਅਦ ਵੀ ਨਹੀਂ

ਮੈਂ ਦੇਖਿਆ ਏ ਕਿਸੇ ਆਪਣੇ ਨੂੰ ਖੁਆਬਾਂ 'ਚ ਆਉਂਦੇ ਹੋਏ
ਜੋ ਇਸ ਦੁਨੀਆਂ ਚ ਨਹੀਂ ਆ
ਪਰ ਫਿਰ ਵੀ ਫ਼ਿਕਰ ਆ ਓਹਨੂੰ ਮੇਰੀ

ਨਿੱਤ ਸੁਪਨੇ ਵਿੱਚ ਆ ਕੇ ਹਾਲ ਪੁੱਛਦਾ ਏ ਓਹ ਮੇਰਾ
ਤੇ ਗਲ਼ੇ ਵੀ ਲਗਾਉਂਦਾ ਏ
ਪਤਾ ਨਹੀਂ ਕਿੰਨੀਆਂ ਗੱਲਾਂ ਸਮਝਾ ਜਾਂਦਾ ਹੈ ਓਹ ਮੈਨੂੰ ਹਰ ਰੋਜ਼
ਹਾਲੇ ਵੀ ਓਹ ਮੇਰੀ ਖੁਸ਼ੀ ਚ ਖੁਸ਼ ਹੁੰਦਾ ਏ ਤੇ ਗ਼ਮਾਂ ਚ ਉਦਾਸ

ਹਾਲੇ ਵੀ ਮੇਰੇ ਹੰਝੂ ਰਵਾ ਦਿੰਦੇ ਨੇ ਓਹਨੂੰ
ਮੈਨੂੰ ਲੱਗਦੈ ਹਰ ਵੇਲੇ ਨਾਲ ਹੀ ਹੁੰਦਾ ਆ ਓਹ ਮੇਰੇ
ਕਦੇ ਧੁੱਪ ਬਣਕੇ ਤੇ ਕਦੇ ਹਵਾ ਬਣਕੇ
ਤੇ ਕਦੇ ਕਦਾਈਂ ਬਾਰਿਸ਼ ਦਾ ਪਾਣੀ ਬਣਕੇ ਵੀ

ਓਹ ਮੇਰੇ ਨਾਲ ਨਾ ਹੋ ਕੇ ਵੀ ਮੇਰੇ ਨਾਲ ਰਹਿੰਦਾ ਏ ਹਰ ਵੇਲ਼ੇ

ਮੈਨੂੰ ਪਤਾ ! ਓਹ ਜੰਨਤ ਚ ਬੈਠਾ
ਨਿੱਤ ਦੁਆਵਾਂ ਕਰਦਾ ਏ ਮੇਰੇ ਲਈ
ਕਿਉਂਕਿ ਅਜੇ ਵੀ ਫ਼ਿਕਰ ਆ ਓਹਨੂੰ ਮੇਰੀ

# ਤੁਕਬੰਦੀਆਂ

ਦੇ ਕੇ ਥੋੜਾ ਜ਼ੋਰ ਕਰੀਂ ਨੀ, ਬਸ ਥੋੜਾ ਜਿਹਾ ਹੋਰ ਕਰੀਂ ਨੀ
ਤੇਰੇ ਪੜਨੇ ਲਈ ਨੇ ਲਿਖੀਆਂ, ਤੁਕਬੰਦੀਆਂ ਤੇ ਗੌਰ ਕਰੀਂ ਨੀ

ਮੁਕੰਮਲ ਮੇਰੀ ਹੋ ਜਾਂਦੀ ਹੈ
ਖ਼ਵਾਬਾਂ ਦੇ ਵਿੱਚ ਖੋ ਜਾਂਦੀ ਹੈ
ਗੱਲਾਂ ਕਰਦੀ ਕਰਦੀ ਝੱਲੀ
ਬਾਹਾਂ ਵਿੱਚ ਹੀ ਸੋ ਜਾਂਦੀ ਹੈ

ਰੂਪਵਾਨ ਤੇ ਸੁੰਦਰ ਹੈ ਉਹ
ਹੀਰੇ ਦੀ ਕੋਈ ਮੁੰਦਰ ਹੈ ਉਹ
ਨਦੀਆਂ ਝਰਨੇ ਦਰਿਆ ਛੱਡੋ
ਪੂਰਾ ਇੱਕ ਸਮੁੰਦਰ ਹੈ ਉਹ

ਚੰਗਾ ਬਣਕੇ ਕੀ ਮਿਲਿਆ ਏ
ਬਸ ਹੰਝੂਆਂ ਦਾ ਮੀਂਹ ਮਿਲਿਆ ਏ

ਮੇਰੇ ਖ਼ਾਬਾਂ ਵਿੱਚ ਘੁੰਮਦੀ ਐ
ਹਾਂ ਉਹ ਮੇਰਾ ਦਿਲ ਟੁੰਬਦੀ ਐ
ਨਾਜ਼ੁਕ ਕੋਮਲ ਹੱਥ ਓਸਦੇ
ਫੁੱਲਾਂ ਵਰਗੀ ਫੁੱਲ ਚੁੰਮਦੀ ਐ

ਭੁੱਲ ਭੁਲੇਖੇ ਵੇਖ ਲਵੀਂ ਨਾ
ਅੱਖਾਂ ਨਾਲ ਹੀ ਠੱਗ ਲੈਂਦੀ ਐ
ਪਾਣੀ ਉਂਗਲਾਂ ਉੱਤੇ ਨੱਚਦਾ
ਵੱਸ ਦੇ ਵਿੱਚ ਕਰ ਅੱਗ ਲੈਂਦੀ ਐ
ਛਾਂਗਣ ਵਾਲਾ ਕੰਮ ਨੀ ਕਰਦੀ
ਜੜ ਤੋਂ ਬੰਦੇ ਵੱਢ ਲੈਂਦੀ ਐ
ਪਹਿਲਾਂ ਵਕਤ ਤੇ ਪਿਆਰ ਹੈ ਮੰਗਦੀ
ਬਾਅਦ 'ਚ ਜਾਨ ਅਲੱਗ ਲੈਂਦੀ ਐ

ਦਿਲ ਸਾਡੇ ਵਿੱਚ ਤੰਗੀ ਨਹੀਂ ਐ
ਆਕੜਖੋਰੀ ਚੰਗੀ ਨਹੀਂ ਐ
ਆਕੇ ਦੇਣ ਸਲਾਹਾਂ ਲੱਗ ਪਈ
ਮੈਂ ਕਿਹਾ ਮੈਂ ਤੇ ਮੰਗੀ ਨਹੀਂ ਐ

ਇਸ਼ਕ 'ਚ ਸਾਡੇ ਸੀ ਜੋ ਹਾਲ ਉੱਤੇ ਲਿਖੀਆਂ
ਕੁਝ ਉਹਦੇ ਚਿਹਰੇ ਕੁਝ ਵਾਲ ਉੱਤੇ ਲਿਖੀਆਂ
ਬੋਲਦਾ ਸੀ ਮੈਂ ਤੇ ਉਹ ਉਤਾਰਦੀ ਸੀ ਸਫਿਆਂ ਤੇ
ਬਹੁਤ ਕਵਿਤਾਵਾਂ ਅਸੀਂ ਕਾਲ ਉੱਤੇ ਲਿਖੀਆਂ

ਜ਼ਿੰਦਗੀ ਦਾ ਇਹ ਮੋੜ ਹੈ ਕੈਸਾ
ਜਿਉਂ ਹੈ ਪਤਝੜ ਔੜ ਹੈ ਜੈਸਾ
ਅੱਧੀ ਜ਼ਿੰਦਗੀ ਬੀਤ ਗਈ ਐ
ਖੱਟਿਆ ਨਹੀਂ ਬੰਦਾ ਨਾ ਪੈਸਾ
ਉਹਦਾ ਇੱਕ ਹੈ ਸੌ ਬਰਾਬਰ
ਮੇਰਾ ਸੌ ਹੈ ਇੱਕ ਦੇ ਜੈਸਾ
ਸਮਝ ਨਾ ਆਇਆ ਮੈਨੂੰ ਅੱਜ ਤੱਕ
ਪਤਾ ਨਹੀਂ ਇਹ ਜੋੜ ਹੈ ਕੈਸਾ

ਸਬਰ ਆ ਕੱਚ ਦਾ ਤਿੜ ਨਾ ਜਾਵਾਂ
ਇਸ਼ਕ ਰਾਗ ਬਣ ਛਿੜ ਨਾ ਜਾਵਾਂ
ਸਾਲ ਬਾਅਦ ਮੈਂ ਦੇਖਣਾ ਤੈਨੂੰ
ਗਸ਼ ਖਾ ਕੇ ਕਿਤੇ ਗਿਰ ਨਾ ਜਾਵਾਂ

ਥੋੜੀ ਜਿਹੀ ਅਤਰੰਗੀ ਗੱਲ ਏ
ਸੁਰਖ਼ੀਆਂ ਵਿੱਚੋਂ ਲੰਘੀ ਗੱਲ ਏ
ਉਹ ਕਹਿੰਦੀ, "ਬਹੁਤ ਤੇਰੇ ਜਿਹੇ ਪਾਗ਼ਲ ਕੀਤੇ"
ਮੈਂ ਕਿਹਾ, "ਇਹ ਕਿਹੜਾ ਕੋਈ ਚੰਗੀ ਗੱਲ ਏ

ਮੈਨੂੰ ਪਿਆਰ ਦੀ ਭਾਸ਼ਾ ਦੱਸੀ
ਨਾਲੇ ਇਸ਼ਕ ਪਰਿਭਾਸ਼ਾ ਦੱਸੀ
ਆਸਾ ਪਾਸਾ ਭੁੱਲ ਗਿਆ ਮੈਂ
ਮੇਰੇ ਮੂਹਰੇ ਜਦ ਉਹ ਹੱਸੀ

ਤੇਰੇ ਲਈ ਲਿਆਕੇ ਛੱਲਾ
ਮੁੱਠੀ ਦੇ ਵਿੱਚ ਬੰਦ ਕਰ ਲਿਆ
ਲੋੜ ਸੀ ਜਿਸ ਸਮਾਨ ਦੀ ਯਾਰਾ
ਲਿਆਕੇ ਵਿਹੜੇ ਵਿੱਚ ਧਰ ਲਿਆ
ਸੁਲਾਹ ਹੋ ਗਈ ਹੈ ਤਾਰਿਆਂ ਦੇ ਨਾਲ
ਨਾਲੇ ਪੱਖ ਵਿੱਚ ਚੰਦ ਕਰ ਲਿਆ
ਹਾਂ ਤੇ ਕਰ ਤੂੰ ਵਿਆਹ ਲਈ ਸੱਜਣਾ
ਮੈਂ ਪੂਰਾ ਪ੍ਰਬੰਧ ਕਰ ਲਿਆ

ਹਵਾ ਵਾਂਗ ਉਹ ਸਾਹ ਦਿੰਦੀ ਐ
ਪੰਨੇ ਕਈ ਭਰਵਾ ਦਿੰਦੀ ਐ
ਮੇਰੇ ਵੱਸ ਦੀ ਗੱਲ ਹੈ ਕਿੱਥੋਂ
ਉਹ ਸੋਹਣਾ ਲਿਖਵਾ ਦਿੰਦੀ ਹੈ

ਆਥਣ ਜਿਹੇ ਮੈਂ ਕੱਲ੍ਹ ਬਦਲਤੀ
ਜ਼ਿਕਰ ਹੋਇਆ ਜਿਸ ਪਲ ਬਦਲਤੀ
ਯਾਰਾਂ ਪੁੱਛਿਆ ਹਾਲ ਸੱਜਣ ਦਾ
ਤੇ ਮੈਂ ਹੱਸਕੇ ਗੱਲ ਬਦਲਤੀ

ਫ਼ਰਕ ਨੀ ਉਹਨਾਂ ਨੂੰ ਉਹ ਚੈਨ ਨਾਲ ਸੋਏ ਨੇ
ਸਾਨੂੰ ਛੱਡ ਕੇ ਗ਼ੈਰਾਂ ਨਾਲ ਖਲੋਏ ਨੇ
ਦੇਕੇ ਗਏ ਉਪਹਾਰ ਦੇ ਵਿੱਚ ਇੱਕ ਮਾਲ਼ਾ ਨੂੰ
ਜਿਸ ਵਿੱਚ ਹਉਕੇ ਹੰਝੂ ਦੁੱਖ ਪਰੋਏ ਨੇ
ਕਵਿਤਾ ਨਾ ਤੂੰ ਸਮਝੀਂ ਇਹਨੂੰ ਸੱਜਣਾ ਵੇ
ਅੱਖਰਾਂ ਦੇ ਵਿੱਚ ਆਪਣੇ ਗ਼ਮ ਲਕੋਏ ਨੇ
ਮੈਨੂੰ ਰੋਜ਼ ਆਵਾਜ਼ਾਂ ਮਾਰੇ ਸੁਪਨਿਆਂ ਵਿੱਚ
ਸੁਣ ਸੁਣ ਕੰਨ ਇਹ ਪਾਟਣ ਵਾਲੇ ਹੋਏ ਨੇ

ਨਜ਼ਮਾਂ ਲਿਖਾਂਗਾ ਯਾਰਾ, ਰੋਜ਼ ਤੇਰੀ ਸ਼ਾਨ ਵਿੱਚ
ਘਰ ਨੂੰ ਬਣਾਉਣਾ ਆਪਾਂ ਰਹਿਣਾ ਨਹੀਂ ਮਕਾਨ ਵਿੱਚ
ਮੈਨੂੰ ਨਹੀਂ ਭਰੋਸਾ ਇੰਨ੍ਹਾਂ ਜਨਮਾਂ ਦੇ ਗੇੜ 'ਚ
ਤੂੰ ਤੇ ਮੈਨੂੰ ਚਾਹੀਦੀ ਹੈ ਇਸੇ ਹੀ ਜਹਾਨ ਵਿੱਚ

ਖੱਜਲ ਖ਼ੁਆਰੀ ਚੰਗੀ ਗੱਲ ਨਹੀਂ
ਰੋਜ ਉਧਾਰੀ ਚੰਗੀ ਗੱਲ ਨਹੀਂ
ਆਜਾ ਦਿਆਂ ਨਸੀਹਤ ਤੈਨੂੰ
ਇਸ਼ਕ ਬਿਮਾਰੀ ਚੰਗੀ ਗੱਲ ਨਹੀਂ

ਮੁੱਖ ਤੇਰਾ ਮਾਘ ਦੀ ਦੁਪਹਿਰ ਨਾਲੋਂ ਸੋਹਣਾ ਏ
ਹਾਂਜੀ ਸੱਜਣ ਜੀ ਪੂਰੇ ਸ਼ਹਿਰ ਨਾਲੋਂ ਸੋਹਣਾ ਏ
ਵਕਤ ਗੁਜ਼ਾਰਾਂ ਨੀ ਜੋ ਤੇਰੀ ਮੈਂ ਮੌਜੂਦਗੀ ਚ
ਸੱਚ ਆਖਾਂ ਯਾਰਾ ਹਰ ਪਹਿਰ ਨਾਲੋਂ ਸੋਹਣਾ ਏ
ਕਰਾਂ ਮੈਂ ਤਾਰੀਫ਼ ਤੇਰੀ ਦੱਸ ਕਿਵੇਂ ਸ਼ਬਦਾਂ ਚ
ਤੇਰਾ ਇਰਸ਼ਾਦ ਮੇਰੇ ਸ਼ੇਅਰ ਨਾਲੋਂ ਸੋਹਣਾ ਏ

ਇਸ਼ਕ ਤੇਰਾ ਇੱਕ ਵਾਰ ਫ਼ੇਰ ਤੋਂ
ਮੈਨੂੰ ਸੋਚਾਂ ਵਿੱਚ ਪਾਵੇਗਾ
ਨੈਣ ਮੇਰੇ ਦਿਆਂ ਬੱਦਲਾਂ ਵਿੱਚੋਂ
ਲੱਗਦਾ ਅੱਜ ਫਿਰ ਮੀਂਹ ਆਵੇਗਾ

ਨਾ ਮੁੰਦਰੀ ਨਾ ਛੱਲਾ ਹਾਂ ਮੈਂ, ਚੁੱਪ, ਤਨਹਾ ਤੇ ਕੱਲਾ ਹਾਂ ਮੈਂ
ਦੁਨੀਆਦਾਰੀ ਸਮਝ ਨਹੀਂ ਆਉਂਦੀ, ਪਾਗ਼ਲ ਹਾਂ ਮੈਂ, ਝੱਲਾ ਹਾਂ ਮੈਂ

ਹਾਲੇ ਵੀ ਤੂੰ ਟਲਜਾ ਖਰਚੇ ਹੋਵਣਗੇ
ਚੜਦੇ ਲਹਿੰਦੇ ਦੇ ਵਿੱਚ ਚਰਚੇ ਹੋਵਣਗੇ
ਜਿਸ ਹਿਸਾਬ ਨਾਲ ਮੁੰਡੇ ਮਾਰੀ ਜਾਂਦੀ ਐ
ਅੱਖ ਤੇਰੀ ਤੇ ਲੱਖਾਂ ਪਰਚੇ ਹੋਵਣਗੇ

ਜਾਨਣਾ ਜੇ ਤੂੰ ਪਿਆਰ ਕੀ ਹੁੰਦਾ, ਕਿਸੇ ਸ਼ਾਇਰ ਦੀ ਸੰਗਤ ਕਰ ਲੈ
ਕਹਿੰਦੀ, "ਇਸ਼ਕ ਚ ਕੀ ਮਿਲਦਾ ਹੈ?" ਮੈਂ ਕਿਹਾ, "ਜਾਕੇ ਸ਼ਿਵ ਨੂੰ ਪੜ੍ਹ ਲੈ"

ਮੰਨ ਜਾਂ ਨਾ ਮੰਨ ਪਰ ਮੇਰੇ ਤੋਂ, ਹੁਣ ਤੂੰ ਪਾਸਾ ਵੱਟ ਰਹੀ ਐ
ਮੇਰੇ ਨਾਂ ਤੋਂ ਨਫ਼ਰਤ ਕਰਦੀ, ਨਾਮ ਰਕੀਬ ਦਾ ਰੱਟ ਰਹੀ ਹੈ
ਹਾਲੇ ਨਹੀਂ ਮੁੜਨਾ ਤੂੰ ਮੱਛੀਏ, ਹਾਲੇ ਪੱਥਰ ਚੱਟ ਰਹੀ ਐ
ਮੇਰਿਆਂ ਰੁੱਖਾਂ ਦੇ ਫ਼ਲ ਖਾ ਕੇ, ਜੜ੍ਹਾਂ ਮੇਰੀਆਂ ਕੱਟ ਰਹੀ ਐ
ਮੇਰੇ ਵਿੱਚ ਤੇਰੀ ਦਿਲਚਸਪੀ, ਹੌਲ਼ੀ ਹੌਲ਼ੀ ਘੱਟ ਰਹੀ ਐ

ਮੈਨੂੰ ਅੱਕ ਜਿਹਾ ਦੱਸ ਰਹੀ ਐ, ਤੂੰ ਵੀ ਕੋਈ ਖੰਡ ਨਹੀਂ ਸੀ
ਜੇ ਮੈਂ ਨਹੀਂ ਆ ਤਾਰਿਆਂ ਵਰਗਾ, ਤੂੰ ਵੀ ਕੋਈ ਚੰਦ ਨਹੀਂ ਸੀ
ਮੈਨੂੰ ਝੂਠਾ ਕਹਿ ਕੇ ਭੰਡਦੀ, ਤੂੰ ਵੀ ਸੱਚ ਦੀ ਪੰਡ ਨਹੀਂ ਸੀ
ਤੇਰੇ ਆਉਣ ਤੇ ਭੇੜਿਆ ਏ ਮੈਂ, ਪਹਿਲਾਂ ਬੂਹਾ ਬੰਦ ਨਹੀਂ ਸੀ

ਟੁਕੜਿਆਂ ਦੇ ਵਿੱਚ ਭੰਨਕੇ ਰੱਖਿਆ
ਇਸ਼ਕ ਦਾ ਤੋਹਫ਼ਾ ਮੰਨਕੇ ਰੱਖਿਆ
ਉਹਦੇ ਦਿੱਤੇ ਦਰਦਾਂ ਨੂੰ ਮੈਂ
ਅੱਖਰਾਂ ਦੇ ਵਿੱਚ ਬੰਨਕੇ ਰੱਖਿਆ

ਦਿਲ ਲੁੱਟਣੇ ਵਿੱਚ ਕਾਮਿਲ ਲੱਗਦੈਂ, ਸ਼ਾਇਰਾਂ ਦੇ ਵਿੱਚ ਸ਼ਾਮਿਲ ਲੱਗਦੈਂ
ਸੁਣਕੇ ਮੇਰੀਆਂ ਗੱਲਾਂ ਕਹਿੰਦੀ, ਜਾ ਵੇ..! ਤੂੰ ਤਾਂ ਪਾਗ਼ਲ ਲੱਗਦੈਂ

ਸਾਰੇ ਅਰਮਾਨ ਇੱਕ ਇੱਕ ਕਰ ਜਾਲ਼ ਤੇ
ਆਉਂਦਾ ਨਹੀਂ ਤਰਸ ਤੈਨੂੰ ਦੱਸ ਮੇਰੇ ਹਾਲ ਤੇ..?
ਅੱਖਾਂ ਨੂੰ ਕਿਉਂ ਹੰਝੂਆਂ ਦੇ ਨਾਲ ਭਰੀ ਜਾਂਦਾ ਏ
ਹਾਏ ਓ ਰੱਬਾ ਮੇਰਿਆ ਇਹ ਕੀ ਕਰੀ ਜਾਂਦਾ ਏ

ਹੰਝੂਆਂ ਦੇ ਨਾਲ ਹਰੀ ਕੀਤੀ ਮੈਂ
ਉਹ ਤੇ ਭੂਮੀ ਬੰਜਰ ਸੀ
ਦਿਲ ਉਹਨੂੰ ਖੇਡਣ ਲਈ ਦਿੱਤਾ
ਭਾਵੇਂ ਹੱਥ ਵਿੱਚ ਖੰਜਰ ਸੀ

ਮੇਰੀ ਨੀਂਦ ਉਡਾ ਕੇ ਛੱਡ ਕੇ ਜਾਵੇਗਾ
ਮੈਥੋਂ ਨਜ਼ਰ ਚੁਰਾ ਕੇ ਛੱਡ ਕੇ ਜਾਵੇਗਾ
ਖ਼ਵਾਬਾਂ ਦੇ ਵਿੱਚ ਵੀ ਨਹੀਂ ਸੋਚਿਆ ਸੀ ਇੰਝ ਮੈਂ
ਕਿ ਮੈਨੂੰ ਅਪਣਾ ਕੇ ਛੱਡ ਕੇ ਜਾਵੇਗਾ

ਮੰਨ ਜਾਂ ਨਾ ਮੰਨ ਹਰ ਹਾਲ ਖੜੇ ਹੋਣਗੇ
ਆਪਣੇ ਪਿਆਰ ਤੇ ਸਵਾਲ ਖੜੇ ਹੋਣਗੇ

ਆਪਣੀਆਂ ਸਭ ਮੰਨਵਾ ਲੈਂਦਾ ਏ
ਮੈਥੋਂ ਸਭ ਕਰਵਾ ਲੈਂਦਾ ਏ
ਗੱਲਾਂ ਦੇ ਵਿੱਚ ਲੈਕੇ ਝੂਠਾ
ਹਰ ਵਾਰੀ ਭਰਮਾ ਲੈਂਦਾ ਏ

ਬੜੀ ਸ਼ਿੱਦਤ ਦੇ ਨਾਲ ਬੁਣੇ ਨੇ
ਸੱਚੀਂ ਬੜੇ ਕਮਾਲ ਬੁਣੇ ਨੇ
ਵਿੱਚੋਂ ਨਿਕਲ ਸਕਦਾ ਈ ਨਹੀਂ ਕੋਈ
ਸੱਜਣਾ ਨੇ ਜੋ ਜਾਲ਼ ਬੁਣੇ ਨੇ

ਉਹ ਮੈਨੂੰ ਦਿਲ ਖੋਹਣਾ ਕਹਿੰਦੀ
ਤੇ ਨਾਲੇ ਮਨਮੋਹਣਾ ਕਹਿੰਦੀ
ਉਂਝ ਤੇ ਬਹੁਤਾ ਸੋਹਣਾ ਨਹੀਂ ਮੈਂ
ਪਰ ਉਹ ਮੈਨੂੰ ਸੋਹਣਾ ਕਹਿੰਦੀ

ਮੋਹ ਦਾ ਦੀਵਾ ਬਾਲ਼ ਕੇ ਰੱਖੀਂ
ਅੱਗ ਆਸਾਂ ਦੀ ਜਾਲ਼ ਕੇ ਰੱਖੀਂ
ਦੁੱਖਾਂ ਨੂੰ ਅਲਵਿਦਾ ਬੋਲਦੇ
ਕੁਝ ਕੁ ਖੁਸ਼ੀਆਂ ਭਾਲ਼ ਕੇ ਰੱਖੀਂ
ਬੇਕਦਰਾਂ ਲਈ ਰੋਵੀਂ ਨਾ ਤੂੰ
ਹੰਝੂਆਂ ਨੂੰ ਸੰਭਾਲ ਕੇ ਰੱਖੀਂ

ਜੇ ਤੂੰ ਇਸ਼ਕ ਚ ਸਾਥੀ ਹੋਵੇ
ਕੋਈ ਨਾ ਖ਼ਵਾਹਿਸ਼ ਬਾਕੀ ਹੋਵੇ
ਕਸਮ ਐ ਰੱਬ ਦੀ ਚੱਸ ਆਣੀ ਜੇ
ਰਾਹ ਵੱਲ ਤੇਰੀ ਤਾਕੀ ਹੋਵੇ
ਜਾਮ ਦਾ ਕੀ ਐ ਪੀ ਸਕਦਾ ਹਾਂ
ਪਰ ਤੇਰੇ ਜਿਹਾ ਸਾਕੀ ਹੋਵੇ

ਮੇਰੀ ਪੀੜ ਅਧੂਰੀ ਕਰਦੇ, ਆਪਣੀ ਦੀਦ ਜਰੂਰੀ ਕਰਦੇ
ਮੇਰੀ ਜ਼ਿੰਦਗੀ ਦੇ ਵਿੱਚ ਆਕੇ, ਮੇਰੀ ਜ਼ਿੰਦਗੀ ਪੂਰੀ ਕਰਦੇ

ਗ਼ਮ ਨੂੰ ਹੋਰ ਸਹਿਣ ਦੀ ਸੱਜਣਾ
ਮੇਰੇ ਵਿੱਚ ਸਮਰੱਥਾ ਨਹੀਂ ਹੈ
ਚਿੱਤ ਕਰਦਾ ਏ ਫਾਹੇ ਚੜ੍ਹਜਾਂ
ਪਰ ਮੇਰੇ ਕੋਲ ਰੱਸਾ ਨਹੀਂ ਹੈ

ਉਹਦੇ ਬਿਨਾਂ ਜ਼ਿੰਦਗੀ ਨੂੰ ਕਿਸ ਤਰ੍ਹਾਂ ਜੀਵਾਂਗਾ
ਅੱਜ ਫੱਟ ਖੁੱਲ੍ਹਾ ਰੱਖੋ, ਕੱਲ੍ਹ ਪੱਕਾ ਸੀਵਾਂਗਾ
ਅੱਜ ਦਿਲ ਟੁੱਟਿਆ ਹੈ, ਅੱਜ ਮੈਨੂੰ ਰੋਕੋ ਨਾ
ਸੱਚੀਂ ਯਾਰੋ ਕੱਲ੍ਹ ਤੋਂ ਹਿਸਾਬ ਨਾਲ ਪੀਵਾਂਗਾ

ਕੱਲੀ ਧਰਤੀ ਦਾ ਨਹੀਂ ਬਣਿਆ
ਗੁਨਾਹਗਾਰ ਹੈ ਸਭ ਦਾ ਬੰਦਾ
ਕੁਦਰਤ ਨੂੰ ਜੇ ਰੱਬ ਕਹਿੰਦੇ ਹੋ
ਫਿਰ ਹੈ ਦੁਸ਼ਮਣ ਰੱਬ ਦਾ ਬੰਦਾ

ਹੁਣ ਮੈਂ ਨੇਤਰ ਭਰਨੇ ਛੱਡ ਤੇ
ਰੱਬ ਨਾਲ ਸ਼ਿਕਵੇ ਕਰਨੇ ਛੱਡ ਤੇ
ਜਿਹੜੇ ਬਸ ਲਿਖਤਾਂ ਵਿੱਚ ਚੰਗੇ
ਮੈਂ ਉਹ ਲੇਖਕ ਪੜਨੇ ਛੱਡ ਤੇ
ਉਹ ਗਲ਼ ਘੁੱਟਣ ਨੂੰ ਫਿਰਦੇ ਸੀ
ਤਾਂ ਸਿਰ ਮੋਢੀਂ ਧਰਨੇ ਛੱਡ ਤੇ

ਤੈਨੂੰ ਕਿੱਧਰੇ ਖੋ ਨਾ ਦੇਵਾਂ, ਸਭ ਤੋਂ ਵੱਡਾ ਡਰ ਹੈ ਮੇਰਾ
ਦੱਸ ਤੈਨੂੰ ਛੱਡ ਕਿੱਥੇ ਜਾਊਂ ? ਸੱਜਣਾ ਤੂੰ ਤਾਂ ਘਰ ਹੈ ਮੇਰਾ

ਵਗਦੇ ਸਾਗਰ ਠੱਲ ਸਕਦਾ ਹਾਂ, ਖੁਸ਼ੀਆਂ ਦੇ ਘਰ ਮੱਲ ਸਕਦਾ ਹਾਂ
ਤੇਰੇ ਲਈ ਮੈਂ ਜਾਨ ਮੇਰੀਏ, ਕੰਡਿਆਂ ਤੇ ਵੀ ਚੱਲ ਸਕਦਾ ਹਾਂ
ਮਾਤ ਕਈਆਂ ਨੂੰ ਪਾਉਂਦੀ ਹੈ ਤੂੰ, ਉੱਪਰਲੇ ਸੁਰ ਲਾਉਂਦੀ ਹੈ ਤੂੰ
ਜਿੰਨਾ ਸੋਹਣਾ ਗਾਉਂਦੀ ਹੈ ਤੂੰ, ਉਹ ਬਸ ਮੈਂ ਹੀ ਝੱਲ ਸਕਦਾ ਹਾਂ

ਮੈਨੂੰ ਰੱਬ ਦੀ ਥਾਂ ਰੱਖਦੀ ਏ, ਕਰੇ ਮੁਹੱਬਤ ਤਾਂ ਰੱਖਦੀ ਏ
ਕਮਲੀ ਜਿਹੀ ਉਹ ਰੋਜ਼ ਹੀ ਮੇਰੇ, ਨਵੇਂ ਨਵੇਂ ਜਿਹੇ ਨਾਂ ਰੱਖਦੀ ਐ

ਕਰ ਨਾ ਬਹੁਤੀ ਦੇਰ ਸੁਣਾ ਦੇ
ਇੱਕ ਵਾਰੀ ਤੂੰ ਫੇਰ ਸੁਣਾ ਦੇ
ਜੋ ਸੀ ਮੇਰੇ ਲਈ ਤੂੰ ਲਿਖਿਆ
ਉਹੀ ਵਾਲਾ ਸ਼ੇਅਰ ਸੁਣਾ ਦੇ

ਉਹਨੂੰ ਭੁੱਖ ਉਹਨੂੰ ਹੀ ਪਿਆਸ ਮੰਨ ਚੁੱਕੀ ਹੈ
ਉਹਨੂੰ ਹੀ ਉਹ ਸਾਰਿਆਂ ਤੋਂ ਖ਼ਾਸ ਮੰਨ ਚੁੱਕੀ ਹੈ
ਭਾਵੇਂ ਜਿਉਂਦਾ ਜਾਗਦਾ ਹਾਂ, ਸਾਹ ਵੀ ਅਜੇ ਚੱਲਦੇ ਨੇ
ਫ਼ੇਰ ਵੀ ਉਹ ਮੈਨੂੰ ਯਾਰੋ ਲਾਸ਼ ਮੰਨ ਚੁੱਕੀ ਹੈ

ਉਰੇ ਆ, ਗੱਲ ਸੁਣ !! ਐਨਾ ਨਾ ਤੜਪਾਇਆ ਕਰ
ਮੈਂ ਨਹੀਂ ਕਹਿੰਦੀ, ਰੋਜ ਮਿਲਣ ਲਈ ਆਇਆ ਕਰ
ਐਨਾ ਤਾਂ ਕਰ ਸਕਦੈਂ, ਝੱਲਿਆ ਮੇਰੇ ਲਈ
ਹਫ਼ਤੇ ਵਿੱਚ ਇੱਕ ਵਾਰ ਤਾਂ ਸ਼ਕਲ ਦਿਖਾਇਆ ਕਰ

ਜਾਨ ਤਲੀ ਤੇ ਚੱਕੀ ਫਿਰਦੇ
ਉਹਨੂੰ ਰੱਬ ਥਾਂ ਰੱਖੀ ਫਿਰਦੇ
ਮੈਨੂੰ ਛੱਡ ਗਿਆ ਇਹ ਆਖਕੇ
ਤੇਰੇ ਵਰਗੇ ਛੱਤੀ ਫਿਰਦੇ

ਮੈਂ ਭਰਿਆ ਨਫ਼ਰਤ ਨਾਲ, ਮੈਂ ਮੋਹ ਨਹੀਂ ਲਿਖ ਸਕਦਾ
ਜੋ ਸਾਰੇ ਲਿਖਦੇ ਨੇ, ਮੈਂ ਉਹ ਨਹੀਂ ਲਿਖ ਸਕਦਾ

ਸਾਧ ਬਣੇ ਪਰ ਚੋਰ ਜ਼ਮਾਨਾ
ਝੂਠਾ ਮਤਲਬ ਖੋਰ ਜ਼ਮਾਨਾ
ਇਸ਼ਕ ਮੁਹੱਬਤ ਪਿਆਰ ਵਾਲਿਆਂ
ਤੇ ਨਹੀਂ ਕਰਦਾ ਗੌਰ ਜ਼ਮਾਨਾ

ਕੀਤਾ ਰੱਬ ਨੇ ਧੱਕਾ ਸਖੀਓ
ਉਹ ਦੁੱਕੀ ਮੈਂ ਯੱਕਾ ਸਖੀਓ
ਮੇਰਾ ਰੰਗ ਹੈ ਦੁੱਧ ਦੇ ਵਰਗਾ
ਕੰਤ ਮੇਰੇ ਦਾ ਪੱਕਾ ਸਖੀਓ

ਹਉਕੇ ਨੇ ਮੇਰੀ ਕਲਮ ਕੁੜੇ, ਹੰਝੂ ਹੁਣ ਬਣੇ ਸਿਆਹੀ ਨੇ
ਦੁੱਖਾਂ ਦੇ ਵਰਕੇ ਨੇ ਸੱਜਣਾ, ਡਾਇਰੀ ਮੈਂ ਪੀੜ੍ਹ ਬਣਾਈ ਏ
ਦਿਲ ਤੇ ਕਰਦਾ ਰੋਵਾਂ ਨਾ ਪਰ ਅੱਖਾਂ ਵਿੱਚ ਪਾਣੀ ਟਿਕਦਾ ਨਹੀਂ
ਜੇ ਛੱਡਦੀ ਨਾ ਮੁਹੱਬਤ ਕਰਕੇ, ਤੇਰਾ ਪ੍ਰੀਤ ਕਦੇ ਵੀ ਲਿਖਦਾ ਨਹੀਂ

ਓਹਦੇ ਅੱਜ, ਅਤੀਤ ਚ ਪੀੜ੍ਹਾਂ
ਓਹਦੇ ਹਰ ਇੱਕ ਗੀਤ ਚ ਪੀੜ੍ਹਾਂ
ਓਹਦੇ ਤਪਦੇ ਰਕਤ ਚ ਵਸੀਆਂ
ਨਾਲੇ ਹੰਝੂ ਸ਼ੀਤ ਚ ਪੀੜ੍ਹਾਂ
ਓਹਦੇ ਵਿੱਚ ਹੁਣ ਉਹ ਨਹੀਂ ਓਨਾ
ਜਿੰਨੀਆਂ ਨੇ ਹੁਣ ਪ੍ਰੀਤ 'ਚ ਪੀੜ੍ਹਾਂ

ਫੁੱਲ ਨਹੀਂ ਗੁਲਜ਼ਾਰ ਨੇ ਨਜ਼ਰਾਂ
ਨਿਰੀ ਮੁਹੱਬਤ ਪਿਆਰ ਨੇ ਨਜ਼ਰਾਂ
ਕਸਮ ਖ਼ੁਦਾ ਦੀ ਚੀਰਨ ਸੀਨਾ
ਲੱਗਣ ਜਿਉਂ ਤਲਵਾਰ ਨੇ ਨਜ਼ਰਾਂ

ਕਈ ਰਾਤਾਂ ਤੋਂ ਮੈਂ ਲਗਾਤਾਰ ਸੁਣ ਰਿਹਾ ਹਾਂ
ਪੂਰਾ ਨਹੀਂ ਜੋ ਚੜ੍ਹਿਆ ਪਿਆਰ ਸੁਣ ਰਿਹਾ ਹਾਂ
ਤੋੜਿਆ ਮੇਰੇ ਨਾਲ ਜਿਸ ਦਿਨ ਦਾ ਤੂੰ ਰਾਬਤਾ
ਜੌਨ, ਸ਼ਿਵ, ਹਾਫ਼ੀ, ਗੁਲਜ਼ਾਰ ਸੁਣ ਰਿਹਾ ਹਾਂ

ਕਿਹੋ ਜਿਹਾ ਹੈ ਰੰਗ ਨਹੀਂ ਦੱਸਿਆ
ਤੂੰ ਸਮਝਣ ਦਾ ਢੰਗ ਨਹੀਂ ਦੱਸਿਆ
ਕਹਿੰਦੀ ਗੱਲ ਤੂੰ ਸਮਝਦਾ ਕਿਉਂ ਨਹੀਂ
ਮੈਂ ਕਿਹਾ ਤੂੰ ਪ੍ਰਸੰਗ ਨਹੀਂ ਦੱਸਿਆ

ਧੀਦੋ ਵਾਂਗਰ ਬਣ ਨਾ ਹੋਇਆ
ਮੈਥੋਂ ਆਪਣੀ ਹੀਰ ਦਾ ਚਾਕਰ
ਕਰੀ ਕੋਸ਼ਿਸ਼ ਮੈਂ ਪੜ੍ਹਾਂ ਕਿਤਾਬਾਂ
ਸੋਹਣਾ ਕੁਝ ਲਿਖਣੇ ਦੀ ਖ਼ਾਤਰ
ਪਰ ਮੇਰੀ ਨਾ ਸਮਝ ਚ ਆਇਆ
ਨਾ ਹੀ ਸ਼ਿਵ ਤੇ ਨਾ ਹੀ ਪਾਤਰ
ਲੋਕੀਂ ਮੈਨੂੰ ਸ਼ਾਇਰ ਕਹਿੰਦੇ
ਪਰ ਮੈਂ ਸ਼ਾਇਰ ਹਾਂ, ਨਾਂ ਮਾਤਰ

ਤੇਰੇ ਹਾਸਿਆਂ ਲਈ ਵਿਕਣਾ ਏ
ਹੁਣ ਤੇਰੇ ਲਈ ਹੀ ਲਿਖਣਾ ਏ
ਜਾਕੇ ਵੇਖਲੀਂ ਸ਼ੀਸ਼ੇ ਮੂਹਰੇ
ਤੈਨੂੰ ਵਿੱਚੋਂ ਚੰਨ ਦਿਖਣਾ ਏ

ਸੋ ਗਿਆ ਕਿਆਮਤ ਤੱਕ, ਅੱਖ ਖੋਲ੍ਹ ਨਹੀਂ ਸਕਦਾ

ਚਾਹ ਕੇ ਵੀ ਪ੍ਰੀਤ ਤੇਰਾ, ਹੁਣ ਬੋਲ ਨਹੀਂ ਸਕਦਾ

❀❀❀ ਸਮਾਪਤ ❀❀❀



# ਹਰਫ਼ਾਂ ਦੀ ਮਹਿਫ਼ਲ

ਗੁਰਪ੍ਰੀਤ ਗੁਰੀ

www.punjabilibrary.com


+91 9779670711
gurpreetguri498
gurigurpreet498
guri04884@gmail.com